State Council of Educational Research & Training, Punjab

# ਰਾਜ ਵਿਦਿਅਕ ਖੌਜ ਅਤੇ ਸਿਖਲਾਈ ਸੰਸਥਾ

# ਸ.ਅ.ਸ. ਨਗਰ

# ਦੁਆਰਾ

# ਤਿਆਰ CEP ਮਟੀਰੀਅਲ

# ਜਮਾਤ: 10+2

# ਵਿਸ਼ਾ: ਅਰਥਸ਼ਾਸਤਰ

State Council of Educational Research & Training, Punjab

**1. ਜੇਕਰ ਕਿਸੇ ਵਸਤੂ ਦੀ ਕੀਮਤ ₹15 ਤੋਂ ਘੱਟ ਕੇ ₹10 ਹੋ ਜਾਂਦੀ ਹੈ, ਤਾਂ ਉਸ ਵਸਤੂ ਦੀ ਮੰਗ 40 ਇਕਾਈਆਂ ਤੋਂ ਵੱਧ ਕੇ 50 ਇਕਾਈਆਂ ਹੋ ਜਾਂਦੀ ਹੈ, ਤਾਂ ਪ੍ਰਤੀਸ਼ਤ ਵਿਧੀ ਰਾਹੀਂ ਮੰਗ ਦੀ ਕੀਮਤ ਲੋਚ ਦਾ ਪਤਾ ਕਰੋ।**

**ਹੱਲ:** Q = 40 ਇਕਾਈਆਂ $Q_1$ = 50 ਇਕਾਈਆਂ P = ₹15 $P_1$ = ₹10

$$e_D = (-)\frac{\Delta Q}{\Delta P}\ X\ \frac{P}{Q}$$

$$e_D = (-)\ \frac{Q_1 - Q}{P_1 - P}\ X\ \frac{P}{Q}$$

$$e_D = (-)\ \frac{50 - 40}{10 - 15}\ X\ \frac{15}{40}$$

$$e_D = (-)\ \frac{10}{-5}\ X\ \frac{15}{40}$$

$$e_D = 0.75$$

**2. ਕਿਸੇ ਵਸਤੂ ਦੀ ਮੰਗ ਦੀ ਕੀਮਤ ਲੋਚ 2 ਹੈ। ਜੇਕਰ ਉਸ ਵਸਤੂ ਦੀ ₹20 ਰੁਪਏ ਕੀਮਤ ਤੇ ਉਸ ਦੀਆਂ 50 ਇਕਾਈਆਂ ਦੀ ਮੰਗ ਕੀਤੀ ਜਾਂਦੀ ਸੀ, ਤਾਂ ₹10 ਕੀਮਤ ਤੇ ਉਸ ਦੀਆਂ ਕਿੰਨੀਆਂ ਇਕਾਈਆਂ ਦੀ ਮੰਗ ਕੀਤੀ ਜਾਵੇਗੀ?**

**ਹੱਲ:** $e_D = 2$ Q = 50 ਇਕਾਈਆਂ $Q_1$ = ? P = ₹20 $P_1$ = ₹10

$$e_D = (-)\frac{\Delta Q}{\Delta P}\ X\ \frac{P}{Q}$$

$$e_D = (-)\ \frac{Q_1 - Q}{P_1 - P}\ X\ \frac{P}{Q}$$

$$2 = (-)\ \frac{Q_1 - 50}{10 - 20}\ X\ \frac{20}{50}$$

$$2 = (-)\ \frac{Q_1 - 50}{-10}\ X\ \frac{20}{50}$$

$$100 = 2\ (Q_1 - 50)$$

$$50 = \ (Q_1 - 50)$$

$$Q_1 = \ 50 + 50 = 100$$

**3. ਕਿਸੇ ਵਸਤੂ ਦੀ ਮੰਗ ਦੀ ਕੀਮਤ ਲੋਚ (–) 1.5 ਹੈ। ਜੇਕਰ ਉਸ ਵਸਤੂ ਦੀ ₹40 ਰੁਪਏ ਕੀਮਤ ਤੇ ਉਸ ਦੀਆਂ 60 ਇਕਾਈਆਂ ਦੀ ਮੰਗ ਕੀਤੀ ਜਾਂਦੀ ਸੀ, ਤਾਂ ₹50 ਕੀਮਤ ਤੇ ਉਸ ਦੀਆਂ ਕਿੰਨੀਆਂ ਇਕਾਈਆਂ ਦੀ ਮੰਗ ਕੀਤੀ ਜਾਵੇਗੀ?**

**ਹੱਲ:** $e_D$ = (-) 1.5 Q = 60 ਇਕਾਈਆਂ $Q_1$ = ? P = ₹40 $P_1$ = ₹50

$$e_D = (-)\frac{\Delta Q}{\Delta P}\ X\ \frac{P}{Q}$$

$$e_D = (-)\ \frac{Q_1 - Q}{P_1 - P}\ X\ \frac{P}{Q}$$

$$-1.5 = \frac{Q_1 - 60}{50 - 40}\ X\ \frac{40}{60}$$

$$-1.5 = \frac{Q_1 - 60}{10}\ X\ \frac{40}{60}$$

$$-90 = 4\ (Q_1 - 60)$$

$$-90 = \ 4Q_1 - 240$$

$$4Q_1 = \ -90 + 240 = 150$$

$$Q_1 = \frac{150}{4} = 37.5$$

**4.** ਹੇਠ ਦਿੱਤੇ ਅੰਕੜਿਆਂ ਤੋਂ (i) ਔਸਤ ਸਥਿਰ ਲਾਗਤ (ii) ਔਸਤ ਪਰਿਵਰਤਨਸ਼ੀਲ ਲਾਗਤ ਅਤੇ (iii) ਸੀਮਾਂਤ ਲਾਗਤ ਦਾ ਪਤਾ ਕਰੋ।

| ਉਤਪਾਦਨ ਦੀਆਂ ਇਕਾਈਆਂ | 0 | 1 | 2 | 3 | 4 | 5 | 6 |
|---|---|---|---|---|---|---|---|
| ਕੁੱਲ ਲਾਗਤ | 20 | 40 | 58 | 75 | 92 | 120 | 150 |
| ਕੁੱਲ ਸਥਿਰ ਲਾਗਤ | 20 | 20 | 20 | 20 | 20 | 20 | 20 |
| ਕੁੱਲ ਪਰਿਵਰਤਨਸ਼ੀਲ ਲਾਗਤ | 0 | 20 | 38 | 55 | 72 | 100 | 130 |

| | | | | | | | |
|---|---|---|---|---|---|---|---|
| ਔਸਤ ਸਥਿਰ ਲਾਗਤ | - | 20 | 10 | 6.66 | 5 | 4 | 3.33 |
| ਔਸਤ ਪਰਿਵਰਤਨਸ਼ੀਲ ਲਾਗਤ | - | 20 | 19 | 18.33 | 18 | 20 | 21.66 |
| ਸੀਮਾਂਤ ਲਾਗਤ | - | 20 | 18 | 17 | 17 | 28 | 30 |

**5.** ਹੇਠ ਦਿੱਤੇ ਅੰਕੜਿਆਂ ਤੋਂ (i) ਕੁੱਲ ਪਰਿਵਰਤਨਸ਼ੀਲ ਲਾਗਤ ਅਤੇ (ii) ਔਸਤ ਪਰਿਵਰਤਨਸ਼ੀਲ ਲਾਗਤ ਦਾ ਪਤਾ ਕਰੋ।

| ਉਤਪਾਦਨ ਦੀਆਂ ਇਕਾਈਆਂ | 1 | 2 | 3 | 4 | 5 | 6 |
|---|---|---|---|---|---|---|
| ਸੀਮਾਂਤ ਲਾਗਤ | 12 | 10 | 8 | 8 | 10 | 12 |

**6. ਹੇਠ ਦਿੱਤੀ ਗਈ ਸਾਰਣੀ ਤੋਂ ਕੁੱਲ ਆਮਦਨ, ਔਸਤ ਆਮਦਨ ਅਤੇ ਸੀਮਾਂਤ ਆਮਦਨ ਦਾ ਮੁੱਲ ਪਤਾ ਕਰੋ।**

| ਕੀਮਤ | 6 | 7 | 8 | 10 | 12 | 15 |
|---|---|---|---|---|---|---|
| ਵਿਕਰੀ ਕੀਤੀਆਂ ਇਕਾਈਆਂ | 20 | 15 | 12 | 9 | 6 | 4 |
| ਕੁੱਲ ਆਮਦਨ | 120 | 105 | 96 | 90 | 72 | 60 |
| ਔਸਤ ਆਮਦਨ | 6 | 7 | 8 | 10 | 12 | 15 |
| ਸੀਮਾਂਤ ਆਮਦਨ | - | -15 | -9 | -6 | -18 | -12 |

**7.** ਹੇਠ ਦਿੱਤੀ ਗਈ ਸਾਰਣੀ ਤੋਂ ਬਜ਼ਾਰ ਪੂਰਤੀ ਦਾ ਪਤਾ ਕਰੋ।

| ਵਸਤੂ ਦੀ ਕੀਮਤ | ਉਤਪਾਦਕ A ਦੀ ਪੂਰਤੀ | ਉਤਪਾਦਕ B ਦੀ ਪੂਰਤੀ | ਬਜ਼ਾਰ ਪੂਰਤੀ |
|---|---|---|---|
| 2 | 100 | 90 | 190 |
| 3 | 120 | 100 | 220 |
| 4 | 130 | 110 | 240 |
| 5 | 140 | 120 | 260 |
| 6 | 150 | 130 | 280 |

**8. ਜੇਕਰ ਕਿਸੇ ਵਸਤੂ ਦੀ ਕੀਮਤ ₹10 ਤੋਂ ਵੱਧ ਕੇ ₹20 ਹੋ ਜਾਂਦੀ ਹੈ, ਤਾਂ ਉਸ ਵਸਤੂ ਦੀ ਪੂਰਤੀ 40 ਇਕਾਈਆਂ ਤੋਂ ਵੱਧ ਕੇ 100 ਇਕਾਈਆਂ ਹੋ ਜਾਂਦੀ ਹੈ, ਤਾਂ ਪ੍ਰਤੀਸ਼ਤ ਵਿਧੀ ਰਾਹੀਂ ਪੂਰਤੀ ਦੀ ਕੀਮਤ ਲੋਚ ਦਾ ਪਤਾ ਕਰੋ।**

**ਹੱਲ:** Q = 40 ਇਕਾਈਆਂ     $Q_1$ = 100 ਇਕਾਈਆਂ     P = ₹10     $P_1$ = ₹20

$$e_s = \frac{\Delta Q}{\Delta P} X \frac{P}{Q}$$

$$e_s = \frac{Q_1 - Q}{P_1 - P} X \frac{P}{Q}$$

$$e_s = \frac{100 - 40}{20 - 10} X \frac{10}{40}$$

$$e_s = \frac{60}{10} X \frac{10}{40}$$

$$e_s = 1.5$$

**9. ਕਿਸੇ ਵਸਤੂ ਦੀ ਪੂਰਤੀ ਦੀ ਕੀਮਤ ਲੋਚ 2 ਹੈ। ਜੇਕਰ ਉਸ ਵਸਤੂ ਦੀ ₹20 ਰੁਪਏ ਕੀਮਤ ਤੇ ਉਸ ਦੀਆਂ 50 ਇਕਾਈਆਂ ਦੀ ਪੂਰਤੀ ਕੀਤੀ ਜਾਂਦੀ ਸੀ, ਤਾਂ ₹40 ਕੀਮਤ ਤੇ ਉਸ ਦੀਆਂ ਕਿੰਨੀਆਂ ਇਕਾਈਆਂ ਦੀ ਪੂਰਤੀ ਕੀਤੀ ਜਾਵੇਗੀ?**

**ਹੱਲ:** $e_S = 2$     Q = 50 ਇਕਾਈਆਂ     $Q_1$ = ?     P = ₹20     $P_1$ = ₹40

$$e_s = \frac{\Delta Q}{\Delta P} X \frac{P}{Q}$$

$$e_s = \frac{Q_1 - Q}{P_1 - P} X \frac{P}{Q}$$

$$2 = \frac{Q_1 - 50}{40 - 20} X \frac{20}{50}$$

$$2 = \frac{Q_1 - 50}{20} X \frac{2}{5}$$

$$2 = \frac{2Q_1 - 100}{100}$$

$200 = 2Q_1 - 100$

$2Q_1 = 300$

$Q_1 = 150$

**ਸੰਖਿਆਤਮਕ ਪ੍ਰਸ਼ਨ**

**1.**ਹੇਠ ਲਿਖੇ ਅੰਕੜਿਆਂ ਤੋਂ (i) ਸਾਧਨ ਲਾਗਤ ਤੇ ਕੁੱਲ ਰਾਸ਼ਟਰੀ ਉਤਪਾਦਨ (ii) ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ ਦਾ ਮੁੱਲ ਪਤਾ ਕਰੋ।

| | ਮਦ | ਮੁੱਲ (ਕਰੋੜ ਰੁਪਏ ਵਿੱਚ) |
|---|---|---|
| i. | ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ | 120 |
| ii. | ਅਪ੍ਰੱਤਖ ਕਰ | 15 |
| iii. | ਆਰਥਿਕ ਸਹਾਇਤਾ | 5 |
| iv. | ਘਿਸਾਵਟ ਖਰਚ | 3 |
| v. | ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 30 |

(ੳ) ਸਾਧਨ ਲਾਗਤ ਤੇ ਕੁੱਲ ਰਾਸ਼ਟਰੀ ਉਤਪਾਦਨ = ਬਜ਼ਾਰ ਕੀਮਤ ਤੇ ਕੁੱਲ ਰਾਸ਼ਟਰੀ ਉਤਪਾਦਨ – ਅਪ੍ਰੱਤਖ ਕਰ + ਆਰਥਿਕ ਸਹਾਇਤਾ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ

= 120 – 15 + 5 + 30

= 140 ਕਰੋੜ ਰੁਪਏ

(ਅ) ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ = ਸਾਧਨ ਲਾਗਤ ਤੇ ਕੁੱਲ ਰਾਸ਼ਟਰੀ ਉਤਪਾਦਨ – ਘਿਸਾਵਟ ਖਰਚ

= 140 – 3

= 137 ਕਰੋੜ ਰੁਪਏ

**2.** ਹੇਠ ਲਿਖੇ ਅੰਕੜਿਆਂ ਤੋਂ (i) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ (ii) ਬਜ਼ਾਰ ਕੀਮਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ ਦਾ ਮੁੱਲ ਪਤਾ ਕਰੋ।

| ਮਦ | ਰਕਮ (ਕਰੋੜ ਰੁਪਏ ਵਿੱਚ) |
|---|---|
| i. ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ | 1300 |
| ii. ਅਪ੍ਰੱਤਖ ਕਰ | 80 |
| iii. ਆਰਥਿਕ ਸਹਾਇਤਾ | 20 |
| iv. ਘਿਸਾਵਟ ਖਰਚ | 10 |
| v. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | (–) 15 |

(ੳ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਅਪ੍ਰੱਤਖ ਕਰ – ਆਰਥਿਕ ਸਹਾਇਤਾ + ਘਿਸਾਵਟ ਖਰਚ

= 1300 + 80 – 20 + 10

= 1370 ਕਰੋੜ ਰੁਪਏ

(ਅ) ਬਜ਼ਾਰ ਕੀਮਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ = ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ – ਘਿਸਾਵਟ ਖਰਚ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ

= 1370 – 10 + (–) 15

= 1370 –10 –15

= 1345 ਕਰੋੜ ਰੁਪਏ

**3.** ਹੇਠ ਲਿਖੇ ਅੰਕੜਿਆਂ ਤੋਂ (i) ਸਾਧਨ ਲਾਗਤ ਤੇ ਕੁੱਲ ਰਾਸ਼ਟਰੀ ਉਤਪਾਦਨ (ii) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ (iii) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ (iv) ਬਜ਼ਾਰ ਕੀਮਤ ਤੇ ਸ਼ੁੱਧ ਘਰੇਲੂ ਉਤਪਾਦਨ ਦਾ ਮੁੱਲ ਪਤਾ ਕਰੋ।

| ਮਦ | ਰਕਮ (ਕਰੋੜ ਰੁਪਏ ਵਿੱਚ) |
|---|---|
| i. ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ | 1500 |
| ii. ਸਥਾਈ ਪੂੰਜੀ ਦਾ ਉਪਭੋਗ | 80 |
| iii. ਸ਼ੁੱਧ ਅਪ੍ਰੱਤਖ ਕਰ | 35 |
| iv. ਆਰਥਿਕ ਸਹਾਇਤਾ | 15 |
| v. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 25 |

(ੳ) ਸਾਧਨ ਲਾਗਤ ਤੇ ਕੁੱਲ ਰਾਸ਼ਟਰੀ ਉਤਪਾਦਨ = ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ + ਸਥਾਈ ਪੂੰਜੀ ਦਾ ਉਪਭੋਗ

= 1500 + 80

= 1580 ਕਰੋੜ ਰੁਪਏ

(ਅ) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ = ਸਾਧਨ ਲਾਗਤ ਤੇ ਕੁੱਲ ਰਾਸ਼ਟਰੀ ਉਤਪਾਦਨ – ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ

= 1580 – 25

= 1555 ਕਰੋੜ ਰੁਪਏ

(ੲ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ + ਸ਼ੁੱਧ ਅਪ੍ਰੱਤਖ ਕਰ

= 1555 + 35

= 1590 ਕਰੋੜ ਰੁਪਏ

(ਸ) ਬਜ਼ਾਰ ਕੀਮਤ ਤੇ ਸ਼ੁੱਧ ਘਰੇਲੂ ਉਤਪਾਦਨ = ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ – ਸਥਾਈ ਪੂੰਜੀ ਦਾ ਉਪਭੋਗ

= 1590 – 80

= 1510 ਕਰੋੜ ਰੁਪਏ

**4.** ਹੇਠ ਲਿਖੇ ਅੰਕੜਿਆਂ ਤੋਂ ਨਿੱਜੀ ਆਮਦਨ ਦਾ ਮੁੱਲ ਪਤਾ ਕਰੋ।

| **ਮਦ** | **ਰਕਮ (ਕਰੋੜ ਰੁਪਏ ਵਿੱਚ)** |
|---|---|
| i. ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ | 700 |
| ii. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 200 |
| iii. ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ | 100 |
| iv. ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ | 200 |
| v. ਰਾਸ਼ਟਰੀ ਕਰਜ਼ੇ ਤੇ ਵਿਆਜ਼ | 50 |
| vi. ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ | 30 |
| vii. ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ | 20 |

(ੳ) ਰਾਸ਼ਟਰੀ ਆਮਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ

= 700 + 200

= 900 ਕਰੋੜ ਰੁਪਏ

(ਅ) ਨਿੱਜੀ ਆਮਦਨ = ਰਾਸ਼ਟਰੀ ਆਮਦਨ – ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ – ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ + ਰਾਸ਼ਟਰੀ ਕਰਜ਼ੇ ਤੇ ਵਿਆਜ਼ + ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ +ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ

= 900 – 100 – 200 + 50 + 30 + 20

= 700 ਕਰੋੜ ਰੁਪਏ

**5.** ਹੇਠ ਲਿਖੇ ਅੰਕੜਿਆਂ ਤੋਂ ਨਿੱਜੀ ਆਮਦਨ ਦਾ ਮੁੱਲ ਪਤਾ ਕਰੋ।

| **ਮਦ** | **ਰਕਮ (ਕਰੋੜ ਰੁਪਏ ਵਿੱਚ)** |
|---|---|
| i. ਨਿੱਜੀ ਖੇਤਰ ਨੂੰ ਸ਼ੁੱਧ ਘਰੇਲੂ ਉਤਪਾਦਨ ਤੋਂ ਪ੍ਰਾਪਤ ਸਾਧਨ ਆਮਦਨ | 530 |
| ii. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 120 |
| iii. ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ | 280 |
| iv. ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ | 120 |
| v. ਰਾਸ਼ਟਰੀ ਕਰਜ਼ੇ ਤੇ ਵਿਆਜ਼ | 75 |
| vi. ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ | 50 |
| vii. ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ | 40 |

ਨਿੱਜੀ ਆਮਦਨ = ਨਿੱਜੀ ਖੇਤਰ ਨੂੰ ਸ਼ੁੱਧ ਘਰੇਲੂ ਉਤਪਾਦਨ ਤੋਂ ਪ੍ਰਾਪਤ ਸਾਧਨ ਆਮਦਨ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ + ਰਾਸ਼ਟਰੀ ਕਰਜ਼ੇ ਤੇ ਵਿਆਜ਼ + ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ + ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ

= 530 + 120 + 75 + 50 + 40

= 815 ਕਰੋੜ ਰੁਪਏ

**6.** ਹੇਠ ਲਿਖੇ ਅੰਕੜਿਆਂ ਤੋਂ ਨਿੱਜੀ ਆਮਦਨ ਅਤੇ ਵਿਅਕਤੀਗਤ ਆਮਦਨ ਦਾ ਮੁੱਲ ਪਤਾ ਕਰੋ।

| **ਮਦ** | **ਰਕਮ (ਕਰੋੜ ਰੁਪਏ ਵਿੱਚ)** |
|---|---|
| i. ਰਾਸ਼ਟਰੀ ਆਮਦਨ | 1200 |
| ii. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | (–) 100 |
| iii. ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ | 200 |
| iv. ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ | 150 |
| v. ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ | 50 |
| vi. ਰਾਸ਼ਟਰੀ ਕਰਜ਼ੇ ਤੇ ਵਿਆਜ਼ | 80 |
| vii. ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ | 30 |
| viii. ਨਿਗਮ ਕਰ | 50 |
| ix. ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ | 30 |
| x. ਪਰਿਵਾਰਾਂ ਦੁਆਰਾ ਦਿੱਤੇ ਗਏ ਪ੍ਰੱਤਖ ਕਰ | 10 |

(ੳ) ਨਿੱਜੀ ਆਮਦਨ = ਰਾਸ਼ਟਰੀ ਆਮਦਨ – ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ – ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ + ਰਾਸ਼ਟਰੀ ਕਰਜ਼ੇ ਤੇ ਵਿਆਜ਼ + ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ + ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ

= 1200 – 200 – 150 + 80 + 30 + 30

= 990 ਕਰੋੜ ਰੁਪਏ

(ਅ) ਵਿਅਕਤੀਗਤ ਆਮਦਨ = ਨਿੱਜੀ ਆਮਦਨ - ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ - ਨਿਗਮ ਕਰ

= 990 - 50 - 50

= 890 ਕਰੋੜ ਰੁਪਏ

**7.** ਹੇਠ ਲਿਖੇ ਅੰਕੜਿਆਂ ਤੋਂ ਨਿੱਜੀ ਆਮਦਨ, ਵਿਅਕਤੀਗਤ ਆਮਦਨ ਅਤੇ ਵਿਅਕਤੀਗਤ ਖਰਚਕਰਣਯੋਗ ਆਮਦਨ ਦਾ ਮੁੱਲ ਪਤਾ ਕਰੋ।

| ਮਦ | ਰਕਮ (ਕਰੋੜ ਰੁਪਏ ਵਿੱਚ) |
|---|---|
| i. ਰਾਸ਼ਟਰੀ ਆਮਦਨ | 5800 |
| ii. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 200 |
| iii. ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ | 1200 |
| iv. ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ | 1000 |
| v. ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ | 120 |
| vi. ਰਾਸ਼ਟਰੀ ਕਰਜ਼ੇ ਤੇ ਵਿਆਜ਼ | 125 |
| vii. ਸ਼ੁੱਧ ਅਪ੍ਰੱਤਖ ਕਰ | 65 |
| viii. ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ | 60 |
| ix. ਨਿਗਮ ਕਰ | 80 |
| x. ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ | 50 |
| xi. ਪਰਿਵਾਰਾਂ ਦੁਆਰਾ ਦਿੱਤੇ ਗਏ ਪ੍ਰੱਤਖ ਕਰ | 25 |
| xii. ਸਰਕਾਰ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਵਿਵਿਧ ਪ੍ਰਾਪਤੀਆਂ | 10 |

(ੳ) ਨਿੱਜੀ ਆਮਦਨ = ਰਾਸ਼ਟਰੀ ਆਮਦਨ - ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ - ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ + ਰਾਸ਼ਟਰੀ ਕਰਜ਼ੇ ਤੇ ਵਿਆਜ਼ + ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ + ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ

= 5800 - 1200 - 1000 + 125 + 60 + 50

= 3835 ਕਰੋੜ ਰੁਪਏ

(ਅ) ਵਿਅਕਤੀਗਤ ਆਮਦਨ = ਨਿੱਜੀ ਆਮਦਨ - ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ - ਨਿਗਮ ਕਰ

= 3835 - 120 - 80

= 3635 ਕਰੋੜ ਰੁਪਏ

(ੲ) ਵਿਅਕਤੀਗਤ ਖਰਚਕਰਣਯੋਗ ਆਮਦਨ = ਵਿਅਕਤੀਗਤ ਆਮਦਨ - ਪਰਿਵਾਰਾਂ ਦੁਆਰਾ ਦਿੱਤੇ ਗਏ ਪ੍ਰੱਤਖ ਕਰ - ਸਰਕਾਰ ਦੀਆਂ ਵਿਵਿਧ ਪ੍ਰਾਪਤੀਆਂ

= 3635 - 25 - 10

= 3600 ਕਰੋੜ ਰੁਪਏ

**8.** ਹੇਠ ਦਿੱਤੇ ਅੰਕੜਿਆਂ ਤੋਂ ਰਾਸ਼ਟਰੀ ਆਮਦਨ ਦਾ ਮੁੱਲ ਪਤਾ ਕਰੋ।

| ਮਦ | ਰਕਮ (ਕਰੋੜ ਰੁਪਏ ਵਿੱਚ) |
|---|---|
| i. ਵਿਅਕਤੀਗਤ ਖਰਚਕਰਣਯੋਗ ਆਮਦਨ | 120 |
| ii. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 50 |
| iii. ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ | 45 |
| iv. ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ | 25 |
| v. ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ | 15 |
| vi. ਰਾਸ਼ਟਰੀ ਕਰਜ਼ੇ ਤੇ ਵਿਆਜ਼ | 20 |
| vii. ਸ਼ੁੱਧ ਅਪ੍ਰੱਤਖ ਕਰ | 35 |
| viii. ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ | 5 |
| ix. ਨਿਗਮ ਕਰ | 2 |
| x. ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ | 5 |
| xi. ਪਰਿਵਾਰਾਂ ਦੁਆਰਾ ਦਿੱਤੇ ਗਏ ਪ੍ਰੱਤਖ ਕਰ | 3 |
| xii. ਸਰਕਾਰ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਵਿਵਿਧ ਪ੍ਰਾਪਤੀਆਂ | 4 |

(ੳ) ਵਿਅਕਤੀਗਤ ਖਰਚਕਰਣਯੋਗ ਆਮਦਨ = ਵਿਅਕਤੀਗਤ ਆਮਦਨ - ਪਰਿਵਾਰਾਂ ਦੁਆਰਾ ਦਿੱਤੇ ਗਏ ਪ੍ਰੱਤਖ ਕਰ - ਸਰਕਾਰ ਦੀਆਂ ਵਿਵਿਧ ਪ੍ਰਾਪਤੀਆਂ

120 = ਵਿਅਕਤੀਗਤ ਆਮਦਨ - 3 - 4

ਵਿਅਕਤੀਗਤ ਆਮਦਨ = 120 + 3 + 4

ਵਿਅਕਤੀਗਤ ਆਮਦਨ = 127 ਕਰੋੜ ਰੁਪਏ

(ਅ) ਵਿਅਕਤੀਗਤ ਆਮਦਨ = ਨਿੱਜੀ ਆਮਦਨ - ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ - ਨਿਗਮ ਕਰ

127 = ਨਿੱਜੀ ਆਮਦਨ - 15 - 2

ਨਿੱਜੀ ਆਮਦਨ = 127 + 15 + 2

ਨਿੱਜੀ ਆਮਦਨ = 144 ਕਰੋੜ ਰੁਪਏ

(ੲ) ਨਿੱਜੀ ਆਮਦਨ = ਰਾਸ਼ਟਰੀ ਆਮਦਨ - ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ - ਸਰਕਾਰੀ ਗੈਰ ਵਿਭਾਗੀ ਉਦਮਾਂ ਦੀਆਂ ਬੱਚਤਾਂ + ਰਾਸ਼ਟਰੀ ਕਰਜ਼ੇ ਤੇ ਵਿਆਜ਼ + ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ + ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ

144 = ਰਾਸ਼ਟਰੀ ਆਮਦਨ - 15 - 25 + 20 + 5 + 5

ਰਾਸ਼ਟਰੀ ਆਮਦਨ = 144 + 45 + 25 - 20 - 5 - 5

ਰਾਸ਼ਟਰੀ ਆਮਦਨ = 184 ਕਰੋੜ ਰੁਪਏ

**9.** ਹੇਠ ਲਿਖੇ ਅੰਕੜਿਆਂ ਤੋਂ (i) ਨਿੱਜੀ ਆਮਦਨ (ii) ਵਿਅਕਤੀਗਤ ਆਮਦਨ (iii) ਵਿਅਕਤੀਗਤ ਖਰਚਕਰਣਯੋਗ ਆਮਦਨ (iv) ਸ਼ੁੱਧ ਰਾਸ਼ਟਰੀ ਖਰਚਕਰਣਯੋਗ ਆਮਦਨ ਦਾ ਪਤਾ ਕਰੋ।

| **ਮਦ** | **ਰਕਮ (ਕਰੋੜ ਰੁਪਏ ਵਿੱਚ)** |
|---|---|
| i. ਰਾਸ਼ਟਰੀ ਆਮਦਨ | 2000 |
| ii. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 50 |
| iii. ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ | 150 |
| iv. ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ | 100 |
| v. ਰਾਸ਼ਟਰੀ ਕਰਜ਼ੇ ਤੇ ਵਿਆਜ਼ | 35 |
| vi. ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ | 30 |
| vii. ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ | 20 |
| viii. ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ | 15 |
| ix. ਨਿਗਮ ਕਰ | 10 |
| x. ਪ੍ਰੱਤਖ ਕਰ | 4 |
| xi. ਸ਼ੁੱਧ ਅਪ੍ਰੱਤਖ ਕਰ | 12 |

(ੳ) ਨਿੱਜੀ ਆਮਦਨ = ਰਾਸ਼ਟਰੀ ਆਮਦਨ - ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ - ਸਕਰਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ + ਰਾਸ਼ਟਰੀ ਕਰਜ਼ੇ ਤੇ ਵਿਆਜ਼ + ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ + ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ

= 2000 - 150 - 100 + 35 + 30 + 20

= 1835 ਕਰੋੜ ਰੁਪਏ

(ਅ) ਵਿਅਕਤੀਗਤ ਆਮਦਨ = ਨਿੱਜੀ ਆਮਦਨ - ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ - ਨਿਗਮ ਕਰ

= 1835 - 15 - 10

= 1810 ਕਰੋੜ ਰੁਪਏ

(ੲ) ਵਿਅਕਤੀਗਤ ਖਰਚਕਰਣਯੋਗ ਆਮਦਨ = ਵਿਅਕਤੀਗਤ ਆਮਦਨ - ਪ੍ਰੱਤਖ ਕਰ

= 1810 - 4

= 1806 ਕਰੋੜ ਰੁਪਏ

(ਸ) ਸ਼ੁੱਧ ਰਾਸ਼ਟਰੀ ਖਰਚਕਰਣਯੋਗ ਆਮਦਨ = ਰਾਸ਼ਟਰੀ ਆਮਦਨ + ਸ਼ੁੱਧ ਅਪ੍ਰੱਤਖ ਕਰ + ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ

= 2000 + 12 + 20

= 2032 ਕਰੋੜ ਰੁਪਏ

**10.** ਹੇਠ ਲਿਖੇ ਅੰਕੜਿਆਂ ਤੋਂ (i) ਨਿੱਜੀ ਆਮਦਨ (ii) ਵਿਅਕਤੀਗਤ ਆਮਦਨ (iii) ਵਿਅਕਤੀਗਤ ਖਰਚਕਰਣਯੋਗ ਆਮਦਨ (iv) ਕੁੱਲ ਰਾਸ਼ਟਰੀ ਖਰਚਕਰਣਯੋਗ ਆਮਦਨ ਦਾ ਪਤਾ ਕਰੋ।

| **ਮਦ** | **ਰਕਮ (ਕਰੋੜ ਰੁਪਏ ਵਿੱਚ)** |
|---|---|
| i. ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ | 1600 |
| ii. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 100 |
| iii. ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ | 250 |
| iv. ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ | 120 |
| v. ਰਾਸ਼ਟਰੀ ਕਰਜ਼ੇ ਤੇ ਵਿਆਜ਼ | 55 |
| vi. ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ | 45 |
| vii. ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ | 40 |
| viii. ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ | 30 |
| ix. ਨਿਗਮ ਕਰ | 25 |
| x. ਪ੍ਰੱਤਖ ਕਰ | 12 |
| xi. ਸ਼ੁੱਧ ਅਪ੍ਰੱਤਖ ਕਰ | 10 |

xii. ਘਿਸਾਵਟ ਖਰਚ 8

(ੳ) ਨਿੱਜੀ ਆਮਦਨ = ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ – ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ – ਸਕਰਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ + ਰਾਸ਼ਟਰੀ ਕਰਜ਼ੇ ਤੇ ਵਿਆਜ਼ + ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ + ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ

= 1600 – 250 – 120 + 55 + 45 + 40

= 1370 ਕਰੋੜ ਰੁਪਏ

(ਅ) ਵਿਅਕਤੀਗਤ ਆਮਦਨ = ਨਿੱਜੀ ਆਮਦਨ – ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ – ਨਿਗਮ ਕਰ

= 1370 – 30 – 25

= 1315 ਕਰੋੜ ਰੁਪਏ

(ੲ) ਵਿਅਕਤੀਗਤ ਖਰਚਕਰਣਯੋਗ ਆਮਦਨ = ਵਿਅਕਤੀਗਤ ਆਮਦਨ – ਪ੍ਰੱਤਖ ਕਰ

= 1315 – 12

= 1303 ਕਰੋੜ ਰੁਪਏ

(ਸ) ਕੁੱਲ ਰਾਸ਼ਟਰੀ ਖਰਚਕਰਣਯੋਗ ਆਮਦਨ = ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ + ਸ਼ੁੱਧ ਅਪ੍ਰੱਤਖ ਕਰ + ਘਿਸਾਵਟ ਖਰਚ + ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ

= 1600 + 10 + 8 + 40

= 1658 ਕਰੋੜ ਰੁਪਏ

**11. ਹੇਠ ਲਿਖੇ ਅੰਕੜਿਆਂ ਤੋਂ (i) ਸ਼ੁੱਧ ਰਾਸ਼ਟਰੀ ਖਰਚਕਰਣਯੋਗ ਆਮਦਨ (ii) ਕੁੱਲ ਰਾਸ਼ਟਰੀ ਖਰਚਕਰਣਯੋਗ ਆਮਦਨ ਦਾ ਮੁੱਲ ਪਤਾ ਕਰੋ।**

| ਮਦ | ਰਕਮ (ਕਰੋੜ ਰੁਪਏ ਵਿੱਚ) |
|---|---|
| i. ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ | 1380 |
| ii. ਘਿਸਾਵਟ ਖਰਚ | 20 |
| iii. ਸ਼ੁੱਧ ਅਪ੍ਰੱਤਖ ਕਰ | 40 |
| iv. ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ | 30 |
| v. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 20 |

(ੳ) ਰਾਸਟਰੀ ਆਮਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ

= 1380 + 20

= 1400 ਕਰੋੜ ਰੁਪਏ

(ਅ) ਸ਼ੁੱਧ ਰਾਸ਼ਟਰੀ ਖਰਚਕਰਣਯੋਗ ਆਮਦਨ = ਰਾਸ਼ਟਰੀ ਆਮਦਨ + ਸ਼ੁੱਧ ਅਪ੍ਰੱਤਖ ਕਰ + ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ

= 1400 + 40 + 30

= 1470 ਕਰੋੜ ਰੁਪਏ

(ੲ) ਕੁੱਲ ਰਾਸ਼ਟਰੀ ਖਰਚਕਰਣਯੋਗ ਆਮਦਨ = ਸ਼ੁੱਧ ਰਾਸ਼ਟਰੀ ਖਰਚਕਰਣਯੋਗ ਆਮਦਨ + ਘਿਸਾਵਟ ਖਰਚ

= 1470 + 15

= 1485 ਕਰੋੜ ਰੁਪਏ

**12.** ਹੇਠ ਲਿਖੇ ਅੰਕੜਿਆਂ ਤੋਂ ਨਿੱਜੀ ਆਮਦਨ, ਵਿਅਕਤੀਗਤ ਆਮਦਨ ਅਤੇ ਵਿਅਕਤੀਗਤ ਖਰਚਕਰਣਯੋਗ ਆਮਦਨ ਦਾ ਮੁੱਲ ਪਤਾ ਕਰੋ।

| ਮਦ | ਰਕਮ (ਕਰੋੜ ਰੁਪਏ ਵਿੱਚ) |
|---|---|
| i. ਰਾਸ਼ਟਰੀ ਆਮਦਨ | 3500 |
| ii. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 150 |
| iii. ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ | 1000 |
| iv. ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ | 850 |
| v. ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ | 100 |
| vi. ਰਾਸ਼ਟਰੀ ਕਰਜ਼ੇ ਤੇ ਵਿਆਜ਼ | 135 |
| vii. ਸ਼ੁੱਧ ਅਪ੍ਰੱਤਖ ਕਰ | 45 |
| viii. ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ | 50 |
| ix. ਨਿਗਮ ਕਰ | 40 |
| x. ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ | 30 |
| xi. ਪਰਿਵਾਰਾਂ ਦੁਆਰਾ ਦਿੱਤੇ ਗਏ ਪ੍ਰੱਤਖ ਕਰ | 15 |
| xii. ਸਰਕਾਰ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਵਿਵਿਧ ਪ੍ਰਾਪਤੀਆਂ | 5 |

(ੳ) ਨਿੱਜੀ ਆਮਦਨ = ਰਾਸ਼ਟਰੀ ਆਮਦਨ – ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਨੂੰ ਸੰਪਤੀ ਅਤੇ ਉਦੱਮਵ੍ਰਿਤੀ ਤੋਂ ਪ੍ਰਾਪਤ ਆਮਦਨ – ਸਰਕਾਰੀ ਗੈਰ ਵਿਭਾਗੀ ਉਦੱਮਾਂ ਦੀਆਂ ਬੱਚਤਾਂ + ਰਾਸ਼ਟਰੀ ਕਰਜ਼ੇ ਤੇ ਵਿਆਜ਼ + ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ + ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ

= 3500 – 1000 – 850 + 135 + 50 + 30

= 1865 ਕਰੋੜ ਰੁਪਏ

(ਅ) ਵਿਅਕਤੀਗਤ ਆਮਦਨ = ਨਿੱਜੀ ਆਮਦਨ – ਨਿੱਜੀ ਨਿਗਮਿਤ ਖੇਤਰ ਦੀਆਂ ਬੱਚਤਾਂ – ਨਿਗਮ ਕਰ

= 1865 – 100 – 40

= 1725 ਕਰੋੜ ਰੁਪਏ

(ੲ) ਵਿਅਕਤੀਗਤ ਖਰਚਕਰਣਯੋਗ ਆਮਦਨ = ਵਿਅਕਤੀਗਤ ਆਮਦਨ – ਪਰਿਵਾਰਾਂ ਦੁਆਰਾ ਦਿੱਤੇ ਗਏ ਪ੍ਰੱਤਖ ਕਰ – ਸਰਕਾਰ ਦੀਆਂ ਵਿਵਿਧ ਪ੍ਰਾਪਤੀਆਂ

= 1725 – 15 – 5

= 1705 ਕਰੋੜ ਰੁਪਏ

**13. ਹੇਠ ਲਿਖੇ ਅੰਕੜਿਆਂ ਤੋਂ (i) ਫਰਮ A ਦਾ ਮੁੱਲ ਵਾਧਾ (ii) ਫਰਮ B ਦਾ ਮੁੱਲ ਵਾਧਾ (iii) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ (iv) ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ ਦਾ ਮੁੱਲ ਪਤਾ ਕਰੋ।**

| | ਮਦ | ਮੁੱਲ (ਕਰੋੜ ਰੁਪਏ ਵਿੱਚ) |
|---|---|---|
| **i.** | ਫਰਮ A ਦੀ ਵਿਕਰੀ | 1800 |
| **ii.** | ਫਰਮ B ਦੀ ਵਿਕਰੀ | 1550 |
| **iii.** | ਫਰਮ A ਦੇ ਸਟਾਕ ਵਿੱਚ ਬਦਲਾਵ | 150 |
| **iv.** | ਫਰਮ B ਦੇ ਸਟਾਕ ਵਿੱਚ ਬਦਲਾਵ | 120 |
| **v.** | ਫਰਮ A ਦੁਆਰਾ ਫਰਮ B ਤੋਂ ਖਰੀਦ | 500 |
| **vi.** | ਫਰਮ B ਦੁਆਰਾ ਫਰਮ A ਤੋਂ ਖਰੀਦ | 400 |
| **vii.** | ਦੋਹਾਂ ਫਰਮਾਂ ਦੁਆਰਾ ਦਿੱਤੇ ਗਏ ਸ਼ੁੱਧ ਅਪ੍ਰੱਤਖ ਕਰ | 60 |
| **viii.** | ਦੋਹਾਂ ਫਰਮਾਂ ਦਾ ਘਿਸਾਵਟ ਖਰਚ | 30 |
| **ix.** | ਵਿਦੇਸ਼ਾਂ ਤੋਂ ਪ੍ਰਾਪਤ ਸਾਧਨ ਆਮਦਨ | 60 |
| **x.** | ਵਿਦੇਸ਼ਾਂ ਨੂੰ ਦਿੱਤੀ ਗਈ ਸਾਧਨ ਆਮਦਨ | 40 |

(ੳ) ਫਰਮ A ਦਾ ਮੁੱਲ ਵਾਧਾ = ਫਰਮ A ਦੀ ਵਿਕਰੀ + ਫਰਮ A ਦੇ ਸਟਾਕ ਵਿੱਚ ਬਦਲਾਵ – ਫਰਮ A ਦੁਆਰਾ ਫਰਮ B ਤੋਂ ਖਰੀਦ

= 1800 + 150 – 500

= 1450 ਕਰੋੜ ਰੁਪਏ

(ਅ) ਫਰਮ B ਦਾ ਮੁੱਲ ਵਾਧਾ = ਫਰਮ B ਦੀ ਵਿਕਰੀ + ਫਰਮ B ਦੇ ਸਟਾਕ ਵਿੱਚ ਬਦਲਾਵ – ਫਰਮ B ਦੁਆਰਾ ਫਰਮ A ਤੋਂ ਖਰੀਦ

= 1550 + 120 – 400

= 1270 ਕਰੋੜ ਰੁਪਏ

(ੲ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਫਰਮ A ਦਾ ਮੁੱਲ ਵਾਧਾ + ਫਰਮ B ਦਾ ਮੁੱਲ ਵਾਧਾ

= 1450 ਕਰੋੜ ਰੁਪਏ + 1270 ਕਰੋੜ ਰੁਪਏ

= 2720 ਕਰੋੜ ਰੁਪਏ

(ਸ) ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ = ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ – ਦੋਹਾਂ ਫਰਮਾਂ ਦੁਆਰਾ ਦਿੱਤੇ ਗਏ ਸ਼ੁੱਧ ਅਪ੍ਰੱਤਖ ਕਰ – ਦੋਹਾਂ ਫਰਮਾਂ ਦਾ ਘਿਸਾਵਟ ਖਰਚ + ਵਿਦੇਸ਼ਾਂ ਤੋਂ ਪ੍ਰਾਪਤ ਸਾਧਨ ਆਮਦਨ – ਵਿਦੇਸ਼ਾਂ ਨੂੰ ਦਿੱਤੀ ਗਈ ਸਾਧਨ ਆਮਦਨ

= 2720 – 60 – 30 + 60 – 40

= 2650 ਕਰੋੜ ਰੁਪਏ

**14. ਹੇਠ ਲਿਖੇ ਅੰਕੜਿਆਂ ਤੋਂ (i) ਫਰਮ A ਦਾ ਮੁੱਲ ਵਾਧਾ (ii) ਫਰਮ B ਦਾ ਮੁੱਲ ਵਾਧਾ (iii) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ (iv) ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ ਦਾ ਮੁੱਲ ਪਤਾ ਕਰੋ।**

| | ਮਦ | ਮੁੱਲ (ਕਰੋੜ ਰੁਪਏ ਵਿੱਚ) |
|---|---|---|
| **i.** | ਫਰਮ A ਦੀ ਵਿਕਰੀ | 560 |
| **ii.** | ਫਰਮ B ਦੀ ਵਿਕਰੀ | 850 |
| **iii.** | ਫਰਮ A ਦਾ ਅਰੰਭਿਕ ਸਟਾਕ | 120 |
| **iv.** | ਫਰਮ B ਦਾ ਅਰੰਭਿਕ ਸਟਾਕ | 100 |
| **v.** | ਫਰਮ A ਦਾ ਅੰਤਿਮ ਸਟਾਕ | 150 |
| **vi.** | ਫਰਮ B ਦਾ ਅੰਤਿਮ ਸਟਾਕ | 130 |
| **vii.** | ਫਰਮ A ਦੁਆਰਾ ਫਰਮ B ਤੋਂ ਖਰੀਦ | 200 |
| **viii.** | ਫਰਮ B ਦੁਆਰਾ ਫਰਮ A ਤੋਂ ਖਰੀਦ | 280 |
| **ix.** | ਫਰਮ A ਦੇ ਆਯਾਤ | 50 |
| **x.** | ਫਰਮ B ਦੇ ਆਯਾਤ | 80 |
| **xi.** | ਦੋਹਾਂ ਫਰਮਾਂ ਦੁਆਰਾ ਦਿੱਤੇ ਗਏ ਸ਼ੁੱਧ ਅਪ੍ਰੱਤਖ ਕਰ | 20 |
| **xii.** | ਦੋਹਾਂ ਫਰਮਾਂ ਦਾ ਘਿਸਾਵਟ ਖਰਚ | 15 |
| **xiii.** | ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ | (–) 35 |

(ੳ) ਫਰਮ A ਦਾ ਮੁੱਲ ਵਾਧਾ = ਫਰਮ A ਦੀ ਵਿਕਰੀ + ਫਰਮ A ਦਾ ਅੰਤਿਮ ਸਟਾਕ – ਫਰਮ A ਦਾ ਅਰੰਭਿਕ ਸਟਾਕ – ਫਰਮ A ਦੁਆਰਾ ਫਰਮ B ਤੋਂ ਖਰੀਦ – ਫਰਮ A ਦੇ ਆਯਾਤ

= 560 + 150 – 120 – 200 – 50

= 340 ਕਰੋੜ ਰੁਪਏ

(ਅ) ਫਰਮ B ਦਾ ਮੁੱਲ ਵਾਧਾ = ਫਰਮ B ਦੀ ਵਿਕਰੀ + ਫਰਮ B ਦਾ ਅੰਤਿਮ ਸਟਾਕ – ਫਰਮ B ਦਾ ਅਰੰਭਿਕ ਸਟਾਕ – ਫਰਮ B ਦੁਆਰਾ ਫਰਮ A ਤੋਂ ਖਰੀਦ – ਫਰਮ B ਦੇ ਆਯਾਤ

= 850 + 130 – 100 – 280 – 80

= 520 ਕਰੋੜ ਰੁਪਏ

(ੲ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਫਰਮ A ਦਾ ਮੂੱਲ ਵਾਧਾ + ਫਰਮ B ਦਾ ਮੁੱਲ ਵਾਧਾ

= 340 ਕਰੋੜ ਰੁਪਏ + 520 ਕਰੋੜ ਰੁਪਏ

= 860 ਕਰੋੜ ਰੁਪਏ

(ਸ) ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ = ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ – ਦੋਹਾਂ ਫਰਮਾਂ ਦੁਆਰਾ ਦਿੱਤੇ ਗਏ ਸ਼ੁੱਧ ਅਪ੍ਰੱਤਖ ਕਰ – ਦੋਹਾਂ ਫਰਮਾਂ ਦਾ ਘਿਸਾਵਟ ਖਰਚ + ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ

= 860 – 20 – 15 + (–) 35

= 860 – 20 – 15 – 35

= 790 ਕਰੋੜ ਰੁਪਏ

**15. ਹੇਠ ਲਿਖੇ ਅੰਕੜਿਆਂ ਤੋਂ (i) ਫਰਮ A ਦਾ ਮੁੱਲ ਵਾਧਾ (ii) ਫਰਮ B ਦਾ ਮੁੱਲ ਵਾਧਾ (iii) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ ਦਾ ਮੁੱਲ ਪਤਾ ਕਰੋ।**

| | **ਮਦ** | **ਮੁੱਲ (ਕਰੋੜ ਰੁਪਏ ਵਿੱਚ)** |
|---|---|---|
| **i.** | ਫਰਮ A ਦੀ ਪਰਿਵਾਰਾਂ ਨੂੰ ਵਿਕਰੀ | 150 |
| **ii.** | ਫਰਮ A ਦੇ ਨਿਰਯਾਤ | 50 |
| **iii.** | ਫਰਮ B ਦੀ ਫਰਮ A ਨੂੰ ਵਿਕਰੀ | 80 |
| **iv.** | ਫਰਮ A ਦੇ ਆਯਾਤ | 20 |
| **v.** | ਫਰਮ A ਦੀ ਫਰਮ B ਨੂੰ ਵਿਕਰੀ | 70 |
| **vi.** | ਫਰਮ B ਦੀ ਪਰਿਵਾਰਾਂ ਨੂੰ ਵਿਕਰੀ | 200 |
| **vii.** | ਫਰਮ B ਦੇ ਨਿਰਯਾਤ | 70 |
| **viii.** | ਫਰਮ B ਦੇ ਆਯਾਤ | 40 |
| **ix.** | ਫਰਮ A ਦੀ ਸਰਕਾਰ ਨੂੰ ਵਿਕਰੀ | 80 |
| **x.** | ਫਰਮ B ਦੀ ਸਰਕਾਰ ਨੂੰ ਵਿਕਰੀ | 60 |

(ੳ) ਫਰਮ A ਦਾ ਮੁੱਲ ਵਾਧਾ = ਫਰਮ A ਦੀ ਪਰਿਵਾਰਾਂ ਨੂੰ ਵਿਕਰੀ + ਫਰਮ A ਦੇ ਨਿਰਯਾਤ + ਫਰਮ A ਦੀ ਫਰਮ B ਨੂੰ ਵਿਕਰੀ + ਫਰਮ A ਦੀ ਸਰਕਾਰ ਨੂੰ ਵਿਕਰੀ – ਫਰਮ A ਦੇ ਆਯਾਤ – ਫਰਮ B ਦੀ ਫਰਮ A ਨੂੰ ਵਿਕਰੀ

= 150 + 50 + 70 + 80 – 20 – 80

= 250 ਕਰੋੜ ਰੁਪਏ

(ਅ) ਫਰਮ A ਦਾ ਮੁੱਲ ਵਾਧਾ = ਫਰਮ B ਦੀ ਪਰਿਵਾਰਾਂ ਨੂੰ ਵਿਕਰੀ + ਫਰਮ B ਦੇ ਨਿਰਯਾਤ + ਫਰਮ B ਦੀ ਫਰਮ A ਨੂੰ ਵਿਕਰੀ + ਫਰਮ B ਦੀ ਸਰਕਾਰ ਨੂੰ ਵਿਕਰੀ – ਫਰਮ B ਦੇ ਆਯਾਤ – ਫਰਮ A ਦੀ ਫਰਮ B ਨੂੰ ਵਿਕਰੀ

= 200 + 70 + 80 + 60 – 40 – 70

= 300 ਕਰੋੜ ਰੁਪਏ

(ੲ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਫਰਮ A ਦਾ ਮੁੱਲ ਵਾਧਾ + ਫਰਮ B ਦਾ ਮੁੱਲ ਵਾਧਾ

= 250 ਕਰੋੜ ਰੁਪਏ + 300 ਕਰੋੜ ਰੁਪਏ

= 550 ਕਰੋੜ ਰੁਪਏ

**16. ਹੇਠ ਦਿੱਤੇ ਗਏ ਅੰਕੜਿਆਂ ਤੋਂ (i) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ (ii) ਰਾਸ਼ਟਰੀ ਆਮਦਨ ਦਾ ਮੁੱਲ ਪਤਾ ਕਰੋ।**

| | **ਮਦ** | **ਮੁੱਲ (ਕਰੋੜ ਰੁਪਏ ਵਿੱਚ)** |
|---|---|---|
| **i.** | ਪ੍ਰਾਥਮਿਕ ਖੇਤਰ ਦੇ ਉਤਪਾਦਨ ਦਾ ਮੁੱਲ | 500 |
| **ii.** | ਗੌਣ ਖੇਤਰ ਦੇ ਉਤਪਾਦਨ ਦਾ ਮੁੱਲ | 350 |
| **iii.** | ਸੇਵਾ ਖੇਤਰ ਦੇ ਉਤਪਾਦਨ ਦਾ ਮੁੱਲ | 450 |
| **iv.** | ਪ੍ਰਾਥਮਿਕ ਖੇਤਰ ਦਾ ਮੱਧਵਰਤੀ ਉਪਭੋਗ | 200 |
| **v.** | ਗੌਣ ਖੇਤਰ ਦਾ ਮੱਧਵਰਤੀ ਉਪਭੋਗ | 150 |
| **vi.** | ਸੇਵਾ ਖੇਤਰ ਦਾ ਮੱਧਵਰਤੀ ਉਪਭੋਗ | 170 |
| **vii.** | ਸਾਰੇ ਖੇਤਰਾਂ ਦਾ ਘਿਸਾਵਟ ਖਰਚ | 80 |
| **viii.** | ਸਾਰੇ ਖੇਤਰਾਂ ਦੁਆਰਾ ਦਿੱਤੇ ਗਏ ਸ਼ੁੱਧ ਅਪ੍ਰੱਤਖ ਕਰ | 50 |
| **ix.** | ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ | (–) 30 |

(ੳ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਪ੍ਰਾਥਮਿਕ ਖੇਤਰ ਦੇ ਉਤਪਾਦਨ ਦਾ ਮੁੱਲ + ਗੌਣ ਖੇਤਰ ਦੇ ਉਤਪਾਦਨ ਦਾ ਮੁੱਲ + ਸੇਵਾ ਖੇਤਰ ਦੇ ਉਤਪਾਦਨ ਦਾ ਮੁੱਲ – ਪ੍ਰਾਥਮਿਕ ਖੇਤਰ ਦਾ ਮੱਧਵਰਤੀ ਉਪਭੋਗ – ਗੌਣ ਖੇਤਰ ਦਾ ਮੱਧਵਰਤੀ ਉਪਭੋਗ – ਸੇਵਾ ਖੇਤਰ ਦਾ ਮੱਧਵਰਤੀ ਉਪਭੋਗ

= 500 + 350 + 450 – 200 – 150 – 170

= 1300 – 520

= 780 ਕਰੋੜ ਰੁਪਏ

(ਅ) ਰਾਸ਼ਟਰੀ ਆਮਦਨ = ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ – ਸਾਰੇ ਖੇਤਰਾਂ ਦੁਆਰਾ ਦਿੱਤੇ ਗਏ ਸ਼ੁੱਧ ਅਪ੍ਰੱਤਖ ਕਰ – ਸਾਰੇ ਖੇਤਰਾਂ ਦਾ ਘਿਸਾਵਟ ਖਰਚ + ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ

= 780 – 50 – 80 + (–) 30

= 780 – 50 – 80 – 30

= 620 ਕਰੋੜ ਰੁਪਏ

**17. ਹੇਠ ਦਿੱਤੇ ਗਏ ਅੰਕੜਿਆਂ ਤੋਂ (i) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ (ii) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ (iii) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ (iv) ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ ਦਾ ਮੁੱਲ ਪਤਾ ਕਰੋ।**

| | ਮਦ | ਮੁੱਲ (ਕਰੋੜ ਰੁਪਏ ਵਿੱਚ) |
|---|---|---|
| **i.** | ਪ੍ਰਾਥਮਿਕ ਖੇਤਰ ਦੀ ਵਿਕਰੀ | 480 |
| **ii.** | ਗੌਣ ਖੇਤਰ ਦੀ ਵਿਕਰੀ | 520 |
| **iii.** | ਸੇਵਾ ਖੇਤਰ ਦੀ ਵਿਕਰੀ | 360 |
| **iv.** | ਪ੍ਰਾਥਮਿਕ ਖੇਤਰ ਦਾ ਅਰੰਭਿਕ ਸਟਾਕ | 75 |
| **v.** | ਪ੍ਰਾਥਮਿਕ ਖੇਤਰ ਦਾ ਅੰਤਿਮ ਸਟਾਕ | 50 |
| **vi.** | ਗੌਣ ਖੇਤਰ ਦਾ ਅਰੰਭਿਕ ਸਟਾਕ | 60 |
| **vii.** | ਗੌਣ ਖੇਤਰ ਦਾ ਅੰਤਿਮ ਸਟਾਕ | 85 |
| **viii.** | ਸੇਵਾ ਖੇਤਰ ਦਾ ਅਰੰਭਿਕ ਸਟਾਕ | 100 |
| **ix.** | ਸੇਵਾ ਖੇਤਰ ਦਾ ਅੰਤਿਮ ਸਟਾਕ | 65 |
| **x.** | ਪ੍ਰਾਥਮਿਕ ਖੇਤਰ ਦਾ ਮੱਧਵਰਤੀ ਉਪਭੋਗ | 130 |
| **xi.** | ਗੌਣ ਖੇਤਰ ਦਾ ਮੱਧਵਰਤੀ ਉਪਭੋਗ | 210 |
| **xii.** | ਸੇਵਾ ਖੇਤਰ ਦਾ ਮੱਧਵਰਤੀ ਉਪਭੋਗ | 120 |
| **xiii.** | ਸਾਰੇ ਖੇਤਰਾਂ ਦਾ ਘਿਸਾਵਟ ਖਰਚ | 50 |
| **xiv.** | ਸਾਰੇ ਖੇਤਰਾਂ ਦੁਆਰਾ ਦਿੱਤੇ ਗਏ ਸ਼ੁੱਧ ਅਪ੍ਰੱਤਖ ਕਰ | 40 |
| **xv.** | ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ | 25 |

(ੳ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਪ੍ਰਾਥਮਿਕ ਖੇਤਰ ਦੀ ਵਿਕਰੀ + ਪ੍ਰਾਥਮਿਕ ਖੇਤਰ ਦਾ ਅੰਤਿਮ ਸਟਾਕ – ਪ੍ਰਾਥਮਿਕ ਖੇਤਰ ਦਾ ਅਰੰਭਿਕ ਸਟਾਕ + ਗੌਣ ਖੇਤਰ ਦੀ ਵਿਕਰੀ + ਗੌਣ ਖੇਤਰ ਦਾ ਅੰਤਿਮ ਸਟਾਕ – ਗੌਣ ਖੇਤਰ ਦਾ ਅਰੰਭਿਕ ਸਟਾਕ + ਸੇਵਾ ਖੇਤਰ ਦੀ ਵਿਕਰੀ + ਸੇਵਾ ਖੇਤਰ ਦਾ ਅੰਤਿਮ ਸਟਾਕ – ਸੇਵਾ ਖੇਤਰ ਦਾ ਅਰੰਭਿਕ – ਪ੍ਰਾਥਮਿਕ ਖੇਤਰ ਦਾ ਮੱਧਵਰਤੀ ਉਪਭੋਗ – ਗੌਣ ਖੇਤਰ ਦਾ ਮੱਧਵਰਤੀ ਉਪਭੋਗ – ਸੇਵਾ ਖੇਤਰ ਦਾ ਮੱਧਵਰਤੀ ਉਪਭੋਗ

= 480 + 50 – 75 + 520 + 85 – 60 + 360 + 65 – 100 – 130 – 210 – 120

= 1560 – 695

= 865 ਕਰੋੜ ਰੁਪਏ

(ਅ) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ = ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ–ਸਾਰੇ ਖੇਤਰਾਂ ਦੁਆਰਾ ਦਿੱਤੇ ਗਏ ਸ਼ੁੱਧ ਅਪ੍ਰੱਤਖ ਕਰ

= 865 ਕਰੋੜ ਰੁਪਏ – 40 ਕਰੋੜ ਰੁਪਏ

= 825 ਕਰੋੜ ਰੁਪਏ

(ੲ) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ = ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ – ਸਾਰੇ ਖੇਤਰਾਂ ਦਾ ਘਿਸਾਵਟ ਖਰਚ

= 825 ਕਰੋੜ ਰੁਪਏ – 50 ਕਰੋੜ ਰੁਪਏ

= 775 ਕਰੋੜ ਰੁਪਏ

(ਸ) ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ

= 775 ਕਰੋੜ ਰੁਪਏ + 25 ਕਰੋੜ ਰੁਪਏ

= 800 ਕਰੋੜ ਰੁਪਏ

**18. ਹੇਠ ਲਿਖੇ ਅੰਕੜਿਆਂ ਤੋਂ (i) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ (ii) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ (iii) ਰਾਸ਼ਟਰੀ ਆਮਦਨ ਦਾ ਮੁੱਲ ਪਤਾ ਕਰੋ।**

| | ਮਦ | ਮੁੱਲ (ਕਰੋੜ ਰੁਪਏ ਵਿੱਚ) |
|---|---|---|
| **i.** | ਕਰਮਚਾਰੀਆਂ ਦਾ ਮਿਹਨਤਾਨਾ | 580 |
| **ii.** | ਪਰਿਚਾਲਣ ਬੇਸ਼ੀ | 220 |
| **iii.** | ਮਿਸ਼ਰਿਤ ਆਮਦਨ | 180 |
| **iv.** | ਅਪ੍ਰੱਤਖ ਕਰ | 50 |

| | | |
|---|---|---|
| **v.** | ਆਰਥਿਕ ਸਹਾਇਤਾ | 20 |
| **vi.** | ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 30 |
| **vii.** | ਘਿਸਾਵਟ ਖਰਚ | 10 |
| **viii.** | ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ | 5 |

(ੳ) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ = ਕਰਮਚਾਰੀਆਂ ਦਾ ਮਿਹਨਤਾਨਾ + ਪਰਿਚਾਲਣ ਬੇਸ਼ੀ + ਮਿਸ਼ਰਿਤ ਆਮਦਨ

= 580 + 220 + 180

= 980 ਕਰੋੜ ਰੁਪਏ

(ਅ) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਘਿਸਾਵਟ ਖਰਚ

= 980 + 10

= 990 ਕਰੋੜ ਰੁਪਏ

(ੲ) ਰਾਸ਼ਟਰੀ ਆਮਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ

= 980 + 30

= 1010 ਕਰੋੜ ਰੁਪਏ

**19. ਹੇਠ ਲਿਖੇ ਅੰਕੜਿਆਂ ਤੋਂ (i) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ (ii) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ (iii) ਰਾਸ਼ਟਰੀ ਆਮਦਨ ਦਾ ਮੁੱਲ ਪਤਾ ਕਰੋ।**

| | **ਮਦ** | **ਮੁੱਲ (ਕਰੋੜ ਰੁਪਏ ਵਿੱਚ)** |
|---|---|---|
| **i.** | ਮਜ਼ਦੂਰੀ ਅਤੇ ਵੇਤਨ | 1100 |
| **ii.** | ਸਮਾਜਿਕ ਸੁੱਰਖਿਆ ਵਿੱਚ ਮਾਲਿਕਾਂ ਦਾ ਯੋਗਦਾਨ | 200 |
| **iii.** | ਵਿਆਜ਼ | 380 |
| **iv.** | ਲਗਾਨ | 120 |
| **v.** | ਸ਼ੁੱਧ ਅਪ੍ਰੱਤਖ ਕਰ | 30 |
| **vi.** | ਲਾਭ | 250 |
| **vii.** | ਘਿਸਾਵਟ ਖਰਚ | 50 |
| **viii.** | ਰਾਇਲਟੀ | 140 |
| **ix.** | ਮਿਸ਼ਰਿਤ ਆਮਦਨ | 300 |
| **x.** | ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | (–) 50 |
| **xi.** | ਮਜ਼ਦੂਰਾਂ ਦੁਆਰਾ ਸਮਾਜਿਕ ਸੁਰੱਖਿਆ ਵਿੱਚ ਯੋਗਦਾਨ | 20 |
| **xii.** | ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ ਆਮਦਨ | 80 |

(ੳ) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ = ਮਜ਼ਦੂਰੀ ਅਤੇ ਵੇਤਨ + ਸਮਾਜਿਕ ਸੁਰੱਖਿਆ ਵਿੱਚ ਮਾਲਿਕਾਂ ਦਾ ਯੋਗਦਾਨ + ਵਿਆਜ਼ + ਲਗਾਨ + ਲਾਭ + ਰਾਇਲਟੀ + ਮਿਸ਼ਰਿਤ ਆਮਦਨ

= 1100 + 200 + 380 + 120 + 250 + 140 + 300

= 2490 ਕਰੋੜ ਰੁਪਏ

(ਅ) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਘਿਸਾਵਟ ਖਰਚ

= 2490 + 50

= 2540 ਕਰੋੜ ਰੁਪਏ

(ੲ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਤਦਨ = ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ + ਸ਼ੁੱਧ ਅਪ੍ਰੱਤਖ ਕਰ

= 2540 + 30

= 2570 ਕਰੋੜ ਰੁਪਏ

(ਸ) ਰਾਸ਼ਟਰੀ ਆਮਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ

= 2490 + (–50)

= 2490 – 50

= 2440 ਕਰੋੜ ਰੁਪਏ

**20. ਹੇਠ ਲਿਖੇ ਅੰਕੜਿਆਂ ਤੋਂ (i) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ (ii) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ (iii) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ (iv) ਰਾਸ਼ਟਰੀ ਆਮਦਨ ਦਾ ਮੁੱਲ ਪਤਾ ਕਰੋ।**

| | **ਮਦ** | **ਮੁੱਲ (ਕਰੋੜ ਰੁਪਏ ਵਿੱਚ)** |
|---|---|---|
| **i.** | ਮਜ਼ਦੂਰੀ ਅਤੇ ਵੇਤਨ | 1200 |
| **ii.** | ਸਮਾਜਿਕ ਸੁੱਰਖਿਆ ਵਿੱਚ ਮਾਲਿਕਾਂ ਦਾ ਯੋਗਦਾਨ | 300 |
| **iii.** | ਲਗਾਨ | 250 |
| **iv.** | ਵਿਆਜ਼ | 150 |
| **v.** | ਰਾਇਲਟੀ | 130 |
| **vi.** | ਨਿਗਮ ਲਾਭ ਕਰ | 100 |

| | | |
|---|---|---|
| **vii.** | ਅਣਵੰਡੇ ਲਾਭ | 70 |
| **viii.** | ਲਾਭਾਂਸ਼ | 40 |
| **ix.** | ਸਮਾਜਿਕ ਸੁੱਰਖਿਆ ਵਿੱਚ ਮਜ਼ਦੂਰਾਂ ਦਾ ਯੋਗਦਾਨ | 50 |
| **x.** | ਸਥਾਈ ਪੂੰਜੀ ਦਾ ਉਪਭੋਗ | 30 |
| **xi.** | ਅਪ੍ਰੱਤਖ ਕਰ | 40 |
| **xii.** | ਮਿਸ਼ਰਿਤ ਆਮਦਨ | 300 |
| **xiii.** | ਆਰਥਿਕ ਸਹਾਇਤਾ | 15 |
| **xiv.** | ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 80 |
| **xv.** | ਵਿਦੇਸ਼ਾਂ ਤੋਂ ਸ਼ੁੱਧ ਹਸਤਾਂਤਰਣ ਆਮਦਨ | 30 |

(ੳ) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ = ਮਜ਼ਦੂਰੀ ਅਤੇ ਵੇਤਨ + ਸਮਾਜਿਕ ਸੁੱਰਖਿਆ ਵਿੱਚ ਮਾਲਿਕਾਂ ਦਾ ਯੋਗਦਾਨ + ਲਗਾਨ + ਵਿਆਜ਼ + ਰਾਇਲਟੀ + ਨਿਗਮ ਲਾਭ ਕਰ + ਅਣਵੰਡੇ ਲਾਭ + ਲਾਭਾਂਸ਼ + ਮਿਸ਼ਰਿਤ ਆਮਦਨ

= 1200 + 300 + 250 + 150 + 130 + 100 + 70 + 40 + 300

= 2540 ਕਰੋੜ ਰੁਪਏ

(ਅ) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਸਥਾਈ ਪੂੰਜੀ ਦਾ ਉਪਭੋਗ

= 2540 + 30

= 2570 ਕਰੋੜ ਰੁਪਏ

(ੲ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ + ਅਪ੍ਰੱਤਖ ਕਰ – ਆਰਥਿਕ ਸਹਾਇਤਾ

= 2570 + 40 – 15

= 2595 ਕਰੋੜ ਰੁਪਏ

(ਸ) ਰਾਸ਼ਟਰੀ ਆਮਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ

= 2540 + 80

= 2620 ਕਰੋੜ ਰੁਪਏ

**21. ਹੇਠ ਲਿਖੇ ਅੰਕੜਿਆਂ ਤੋਂ (i) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ (ii) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ (iii) ਰਾਸ਼ਟਰੀ ਆਮਦਨ ਦਾ ਮੁੱਲ ਪਤਾ ਕਰੋ।**

| | ਮਦ | ਮੁੱਲ (ਕਰੋੜ ਰੁਪਏ ਵਿੱਚ) |
|---|---|---|
| **i.** | ਨਿਜੀ ਅੰਤਿਮ ਉਪਭੋਗ ਖਰਚ | 420 |
| **ii.** | ਸਰਕਾਰੀ ਅੰਤਿਮ ਉਪਭੋਗ ਖਰਚ | 350 |
| **iii.** | ਕੁੱਲ ਘਰੇਲੂ ਪੂੰਜੀ ਨਿਰਮਾਣ | 280 |
| **iv.** | ਸਟਾਕ ਵਿੱਚ ਬਦਲਾਵ | 50 |
| **v.** | ਅਪ੍ਰੱਤਖ ਕਰ | 80 |
| **vi.** | ਆਰਥਿਕ ਸਹਾਇਤਾ | 20 |
| **vii.** | ਸ਼ੁੱਧ ਨਿਰਯਾਤ | 350 |
| **viii.** | ਵਿਦੇਸ਼ਾਂ ਤੋਂ ਸ਼ੁੱਧ ਚਾਲੂ ਹਸਤਾਂਤਰਣ | 100 |
| **ix.** | ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ | 60 |
| **x.** | ਘਿਸਾਵਟ ਖਰਚ | 30 |
| **xi.** | ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 70 |

(ੳ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ= ਨਿਜੀ ਅੰਤਿਮ ਉਪਭੋਗ ਖਰਚ + ਸਰਕਾਰੀ ਅੰਤਿਮ ਉਪਭੋਗ ਖਰਚ + ਕੁੱਲ ਘਰੇਲੂ ਪੂੰਜੀ ਨਿਰਮਾਣ + ਸ਼ੁੱਧ ਨਿਰਯਾਤ

= 420 + 350 + 280 + 350

= 1400 ਕਰੋੜ ਰੁਪਏ

(ਅ) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ = ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ–ਅਪ੍ਰੱਤਖ ਕਰ + ਆਰਥਿਕ ਸਹਾਇਤਾ – ਘਿਸਾਵਟ ਖਰਚ

= 1400 – 80 + 20 – 30

= 1310 ਕਰੋੜ ਰੁਪਏ

(ੲ) ਰਾਸ਼ਟਰੀ ਆਮਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ

= 1310 + 70

= 1380 ਕਰੋੜ ਰੁਪਏ

**22. ਹੇਠ ਲਿਖੇ ਅੰਕੜਿਆਂ ਤੋਂ (i) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ (ii) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ (iii) ਰਾਸ਼ਟਰੀ ਆਮਦਨ ਦਾ ਮੁੱਲ ਪਤਾ ਕਰੋ।**

| | ਮਦ | ਮੁੱਲ (ਕਰੋੜ ਰੁਪਏ ਵਿੱਚ) |
|---|---|---|
| **i.** | ਨਿਜੀ ਅੰਤਿਮ ਉਪਭੋਗ ਖਰਚ | 1800 |
| **ii.** | ਸਰਕਾਰੀ ਅੰਤਿਮ ਉਪਭੋਗ ਖਰਚ | 1500 |

iii. ਕੁੱਲ ਘਰੇਲੂ ਸਥਾਈ ਪੂੰਜੀ ਨਿਰਮਾਣ 1200
iv. ਸਟਾਕ ਵਿੱਚ ਬਦਲਾਵ 500
v. ਨਿਰਯਾਤ 300
vi. ਅਪ੍ਰੱਤਖ ਕਰ 80
vii. ਸਥਾਈ ਪੂੰਜੀ ਦਾ ਉਪਭੋਗ 50
viii. ਆਯਾਤ 400
ix. ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ 100
x. ਸਰਕਾਰ ਤੋਂ ਸ਼ੁੱਧ ਚਾਲੂ ਹਸਤਾਂਤਰਣ ਆਮਦਨ 150
xi. ਆਰਥਿਕ ਸਹਾਇਤਾ 10

(ੳ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਨਿਜੀ ਅੰਤਿਮ ਉਪਭੋਗ ਖਰਚ + ਸਰਕਾਰੀ ਅੰਤਿਮ ਉਪਭੋਗ ਖਰਚ + ਕੁੱਲ ਘਰੇਲੂ ਸਥਾਈ ਪੂੰਜੀ ਨਿਰਮਾਣ + ਸਟਾਕ ਵਿੱਚ ਬਦਲਾਵ + ਨਿਰਯਾਤ – ਆਯਾਤ
= 1800 + 1500 + 1200 + 500 + 300 – 400
= 4900 ਕਰੋੜ ਰੁਪਏ

(ਅ) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ = ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ – ਅਪ੍ਰੱਤਖ ਕਰ + ਆਰਥਿਕ ਸਹਾਇਤਾ
= 4900 – 80 + 10
= 4830 ਕਰੋੜ ਰੁਪਏ

(ੲ) ਰਾਸ਼ਟਰੀ ਆਮਦਨ = ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ – ਸਥਾਈ ਪੂੰਜੀ ਦਾ ਉਪਭੋਗ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ
= 4830 – 50 + 100
= 4880 ਕਰੋੜ ਰੁਪਏ

**23. ਹੇਠ ਲਿਖੇ ਅੰਕੜਿਆਂ ਤੋਂ (i) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ (ii) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ (iii) ਬਜ਼ਾਰ ਕੀਮਤ ਤੇ ਕੁੱਲ ਰਾਸ਼ਟਰੀ ਉਤਪਾਦਨ (iv) ਰਾਸ਼ਟਰੀ ਆਮਦਨ ਦਾ ਮੁੱਲ ਪਤਾ ਕਰੋ।**

| | ਮਦ | ਮੁੱਲ (ਕਰੋੜ ਰੁਪਏ ਵਿੱਚ) |
|---|---|---|
| i. | ਨਿਜੀ ਅੰਤਿਮ ਉਪਭੋਗ ਖਰਚ | 1100 |
| ii. | ਸਰਕਾਰੀ ਅੰਤਿਮ ਉਪਭੋਗ ਖਰਚ | 900 |
| iii. | ਕੁੱਲ ਘਰੇਲੂ ਸਥਾਈ ਪੂੰਜੀ ਨਿਰਮਾਣ | 500 |
| iv. | ਅਰੰਭਿਕ ਸਟਾਕ | 200 |
| v. | ਸ਼ੁੱਧ ਆਯਾਤ | 100 |
| vi. | ਅਪ੍ਰੱਤਖ ਕਰ | 50 |
| vii. | ਅੰਤਿਮ ਸਟਾਕ | 400 |
| viii. | ਘਿਸਾਵਟ ਖਰਚ | 40 |
| ix. | ਆਰਥਿਕ ਸਹਾਇਤਾ | 20 |
| x. | ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 150 |

(ੳ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਨਿਜੀ ਅੰਤਿਮ ਉਪਭੋਗ ਖਰਚ + ਸਰਕਾਰੀ ਅੰਤਿਮ ਉਪਭੋਗ ਖਰਚ + ਕੁੱਲ ਘਰੇਲੂ ਪੂੰਜੀ ਸਥਾਈ ਨਿਰਮਾਣ + ਅੰਤਿਮ ਸਟਾਕ – ਅਰੰਭਿਕ ਸਟਾਕ – ਸ਼ੁੱਧ ਆਯਾਤ
= 1100 + 900 + 500 + 400 – 200 – 100
= 2600 ਕਰੋੜ ਰੁਪਏ

(ਅ) ਬਜ਼ਾਰ ਕੀਮਤ ਤੇ ਕੁੱਲ ਰਾਸ਼ਟਰੀ ਉਤਪਾਦਨ = ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ
= 2600 + 150
= 2750 ਕਰੋੜ ਰੁਪਏ

(ੲ) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ = ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ–ਅਪ੍ਰੱਤਖ ਕਰ+ ਆਰਥਿਕ ਸਹਾਇਤਾ – ਘਿਸਾਵਟ ਖਰਚ
= 2600 – 50 + 20 – 40
= 2530 ਕਰੋੜ ਰੁਪਏ

(ਸ) ਰਾਸ਼ਟਰੀ ਆਮਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ
= 2530 + 150
= 2680 ਕਰੋੜ ਰੁਪਏ

**24. ਹੇਠ ਲਿਖੇ ਅੰਕੜਿਆਂ ਤੋਂ ਆਮਦਨ ਵਿਧੀ ਅਤੇ ਉਤਪਾਦਨ ਵਿਧੀ ਦੁਆਰਾ (i) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ (ii) ਰਾਸ਼ਟਰੀ ਆਮਦਨ ਦਾ ਮੁੱਲ ਪਤਾ ਕਰੋ।**

| | ਮਦ | ਮੁੱਲ (ਕਰੋੜ ਰੁਪਏ ਵਿੱਚ) |
|---|---|---|
| i. | ਫਰਮ A ਦੀ ਵਿਕਰੀ | 2000 |
| ii. | ਕਰਮਚਾਰੀਆਂ ਦਾ ਮਿਹਨਤਾਨਾ | 1150 |
| iii. | ਫਰਮ B ਦੀ ਵਿਕਰੀ | 1200 |

| | | |
|---|---|---|
| **iv.** | ਫਰਮ A ਦੇ ਸਟਾਕ ਵਿੱਚ ਬਦਲਾਵ | 100 |
| **v.** | ਪਰਿਚਾਲਣ ਬੇਸ਼ੀ | 600 |
| **vi.** | ਫਰਮ B ਦੇ ਸਟਾਕ ਵਿੱਚ ਬਦਲਾਵ | 200 |
| **vii.** | ਮਿਸ਼ਰਿਤ ਆਮਦਨ | 300 |
| **viii.** | ਫਰਮ A ਦੁਆਰਾ ਫਰਮ B ਤੋਂ ਖਰੀਦ | 800 |
| **ix.** | ਫਰਮ B ਦੁਆਰਾ ਫਰਮ A ਤੋਂ ਖਰੀਦ | 500 |
| **x.** | ਸ਼ੁੱਧ ਅਪ੍ਰੱਤਖ ਕਰ | 100 |
| **xi.** | ਘਿਸਾਵਟ ਖਰਚ | 50 |
| **xii.** | ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ | 30 |

**ਉਤਪਾਦਨ ਵਿਧੀ**

(ੳ) ਫਰਮ A ਦਾ ਮੁੱਲ ਵਾਧਾ = ਫਰਮ A ਦੀ ਵਿਕਰੀ + ਫਰਮ A ਦੇ ਸਟਾਕ ਵਿੱਚ ਬਦਲਾਵ – ਫਰਮ A ਦੁਆਰਾ ਫਰਮ B ਤੋਂ ਖਰੀਦ

= 2000 + 100 – 800

= 1300 ਕਰੋੜ ਰੁਪਏ

(ਅ) ਫਰਮ B ਦਾ ਮੁੱਲ ਵਾਧਾ = ਫਰਮ B ਦੀ ਵਿਕਰੀ + ਫਰਮ B ਦੇ ਸਟਾਕ ਵਿੱਚ ਬਦਲਾਵ – ਫਰਮ B ਦੁਆਰਾ ਫਰਮ A ਤੋਂ ਖਰੀਦ

= 1200 + 200 – 500

= 900 ਕਰੋੜ ਰੁਪਏ

(ੲ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਫਰਮ A ਦਾ ਮੁੱਲ ਵਾਧਾ + ਫਰਮ B ਦਾ ਮੁੱਲ ਵਾਧਾ

= 1300 ਕਰੋੜ ਰੁਪਏ + 900 ਕਰੋੜ ਰੁਪਏ

= 2200 ਕਰੋੜ ਰੁਪਏ

(ਸ) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ = ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ –ਸ਼ੁੱਧ ਅਪ੍ਰੱਤਖ ਕਰ

= 2200 – 100

= 2100 ਕਰੋੜ ਰੁਪਏ

(ਹ) ਰਾਸ਼ਟਰੀ ਆਮਦਨ = ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ – ਘਿਸਾਵਟ ਖਰਚ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ

= 2100 – 50 + 30

= 2080 ਕਰੋੜ ਰੁਪਏ

**ਆਮਦਨ ਵਿਧੀ**

(ੳ) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ = ਕਰਮਚਾਰੀਆਂ ਦਾ ਮਿਹਨਤਾਨਾ + ਪਰਿਚਾਲਣ ਬੇਸ਼ੀ + ਮਿਸ਼ਰਿਤ ਆਮਦਨ

= 1150 + 600 + 300

= 2050 ਕਰੋੜ ਰੁਪਏ

(ਅ) ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਘਿਸਾਵਟ ਖਰਚ

= 2050 + 50

= 2100 ਕਰੋੜ ਰੁਪਏ

(ੲ) ਰਾਸ਼ਟਰੀ ਆਮਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ

= 2050 + 30

= 2080 ਕਰੋੜ ਰੁਪਏ

**25. ਹੇਠ ਲਿਖੇ ਅੰਕੜਿਆਂ ਤੋਂ ਆਮਦਨ ਵਿਧੀ ਅਤੇ ਖਰਚ ਵਿਧੀ ਦੁਆਰਾ ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ ਦਾ ਮੁੱਲ ਪਤਾ ਕਰੋ।**

| | **ਮਦ** | **ਮੁੱਲ (ਕਰੋੜ ਰੁਪਏ ਵਿੱਚ)** |
|---|---|---|
| **i.** | ਨਿਜੀ ਅੰਤਿਮ ਉਪਭੋਗ ਖਰਚ | 750 |
| **ii.** | ਸਰਕਾਰੀ ਅੰਤਿਮ ਉਪਭੋਗ ਖਰਚ | 600 |
| **iii.** | ਕੁੱਲ ਘਰੇਲੂ ਸਥਾਈ ਪੂੰਜੀ ਨਿਰਮਾਣ | 300 |
| **iv.** | ਮਿਸ਼ਰਿਤ ਆਮਦਨ | 250 |
| **v.** | ਸਟਾਕ ਵਿੱਚ ਬਦਲਾਵ | 50 |
| **vi.** | ਸ਼ੁੱਧ ਨਿਰਯਾਤ | 80 |
| **vii.** | ਅਪ੍ਰੱਤਖ ਕਰ | 25 |
| **viii.** | ਪਰਿਚਾਲਣ ਬੇਸ਼ੀ | 950 |
| **ix.** | ਸਥਾਈ ਪੂੰਜੀ ਦਾ ਉਪਭੋਗ | 10 |
| **x.** | ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 20 |
| **xi.** | ਆਰਥਿਕ ਸਹਾਇਤਾ | 5 |
| **xii.** | ਕਰਮਚਾਰੀਆਂ ਦਾ ਮਿਹਨਤਾਨਾ | 550 |

**ਆਮਦਨ ਵਿਧੀ**

(ੳ) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ = ਕਰਮਚਾਰੀਆਂ ਦਾ ਮਿਹਨਤਾਨਾ + ਪਰਿਚਾਲਣ ਬੇਸ਼ੀ + ਮਿਸ਼ਰਿਤ ਆਮਦਨ

= 550 + 950 + 250

= 1750

(ਅ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦਨ + ਅਪ੍ਰੱਤਖ ਕਰ – ਆਰਥਿਕ ਸਹਾਇਤਾ + ਸਥਾਈ ਪੂੰਜੀ ਦਾ ਉਪਭੋਗ

= 1750 + 25 – 5 + 10

= 1780 ਕਰੋੜ ਰੁਪਏ

**ਖਰਚ ਵਿਧੀ**

ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਨਿਜੀ ਅੰਤਿਮ ਉਪਭੋਗ ਖਰਚ + ਸਰਕਾਰੀ ਅੰਤਿਮ ਉਪਭੋਗ ਖਰਚ + ਕੁੱਲ ਘਰੇਲੂ ਸਥਾਈ ਪੂੰਜੀ ਨਿਰਮਾਣ + ਸਟਾਕ ਵਿੱਚ ਬਦਲਾਵ + ਸ਼ੁੱਧ ਨਿਰਯਾਤ

= 750 + 600 + 300 + 50 + 80

= 1780 ਕਰੋੜ ਰੁਪਏ

**26. ਹੇਠ ਦਿੱਤੇ ਗਏ ਅੰਕੜਿਆਂ ਤੋਂ ਉਤਪਾਦਨ ਵਿਧੀ ਅਤੇ ਖਰਚ ਵਿਧੀ ਦੁਆਰਾ ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ ਦਾ ਮੁੱਲ ਪਤਾ ਕਰੋ।**

| | **ਮਦ** | **ਮੁੱਲ (ਕਰੋੜ ਰੁਪਏ ਵਿੱਚ)** |
|---|---|---|
| **i.** | ਪ੍ਰਾਥਮਿਕ ਖੇਤਰ ਦੇ ਉਤਪਾਦਨ ਦਾ ਮੁੱਲ | 750 |
| **ii.** | ਸਰਕਾਰੀ ਅੰਤਿਮ ਉਪਭੋਗ ਖਰਚ | 300 |
| **iii.** | ਗੌਣ ਖੇਤਰ ਦੇ ਉਤਪਾਦਨ ਦਾ ਮੁੱਲ | 550 |
| **iv.** | ਸੇਵਾ ਖੇਤਰ ਦੇ ਉਤਪਾਦਨ ਦਾ ਮੁੱਲ | 700 |
| **v.** | ਨਿਜੀ ਅੰਤਿਮ ਉਪਭੋਗ ਖਰਚ | 500 |
| **vi.** | ਕੁੱਲ ਘਰੇਲੂ ਪੂੰਜੀ ਨਿਰਮਾਣ | 400 |
| **vii.** | ਪ੍ਰਾਥਮਿਕ ਖੇਤਰ ਦਾ ਮੱਧਵਰਤੀ ਉਪਭੋਗ | 300 |
| **viii.** | ਗੌਣ ਖੇਤਰ ਦਾ ਮੱਧਵਰਤੀ ਉਪਭੋਗ | 250 |
| **ix.** | ਸੇਵਾ ਖੇਤਰ ਦਾ ਮੱਧਵਰਤੀ ਉਪਭੋਗ | 200 |
| **x.** | ਸ਼ੁੱਧ ਨਿਰਯਾਤ | 50 |

**ਉਤਪਾਦਨ ਵਿਧੀ**

ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਪ੍ਰਾਥਮਿਕ ਖੇਤਰ ਦੇ ਉਤਪਾਦਨ ਦਾ ਮੁੱਲ + ਗੌਣ ਖੇਤਰ ਦੇ ਉਤਪਾਦਨ ਦਾ ਮੁੱਲ + ਸੇਵਾ ਖੇਤਰ ਦੇ ਉਤਪਾਦਨ ਦਾ ਮੁੱਲ – ਪ੍ਰਾਥਮਿਕ ਖੇਤਰ ਦਾ ਮੱਧਵਰਤੀ ਉਪਭੋਗ – ਗੌਣ ਖੇਤਰ ਦਾ ਮੱਧਵਰਤੀ ਉਪਭੋਗ – ਸੇਵਾ ਖੇਤਰ ਦਾ ਮੱਧਵਰਤੀ ਉਪਭੋਗ

= 750 + 550 + 700 – 300 – 250 – 200

= 2000 – 750

= 1250 ਕਰੋੜ ਰੁਪਏ

**ਖਰਚ ਵਿਧੀ**

ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ = ਨਿਜੀ ਅੰਤਿਮ ਉਪਭੋਗ ਖਰਚ + ਸਰਕਾਰੀ ਅੰਤਿਮ ਉਪਭੋਗ ਖਰਚ + ਕੁੱਲ ਘਰੇਲੂ ਪੂੰਜੀ ਨਿਰਮਾਣ + ਸ਼ੁੱਧ ਨਿਰਯਾਤ

= 500 + 300 + 400 + 50

= 1250 ਕਰੋੜ ਰੁਪਏ

**ਨਿਵੇਸ਼ ਗੁਣਕ ਦੇ ਸੰਖਿਆਤਮਕ ਉਦਾਹਰਨ**

**1.** ਨਿਵੇਸ਼ ਗੁਣਕ ਦਾ ਮੁੱਲ ਪਤਾ ਕਰੋ, ਜਦੋਂ ਸੀਮਾਂਤ ਉਪਭੋਗ ਪ੍ਰਵਿਰਤੀ ਦਾ ਮੁੱਲ (i) 0.25 (ii) 0.50 (iii) 0.80 (iv) 0.90 ਹੋਵੇ।

**ਹੱਲ:** (i) ਸੀਮਾਂਤ ਉਪਭੋਗ ਪ੍ਰਵਿਰਤੀ = 0.25

$$K = \frac{1}{1 - \text{ਸੀਮਾਂਤ ਉਪਭੋਗ ਪ੍ਰਵਿਰਤੀ}} = \frac{1}{1 - 0.25}$$

$$K = \frac{1}{0.75} = \frac{1}{75/100}$$

$$K = \frac{100}{75}$$

$$K = 1.33$$

(ii) ਸੀਮਾਂਤ ਉਪਭੋਗ ਪ੍ਰਵਿਰਤੀ = 0.50

$$K = \frac{1}{1 - \text{ਸੀਮਾਂਤ ਉਪਭੋਗ ਪ੍ਰਵਿਰਤੀ}} = \frac{1}{1 - 0.50}$$

$$K = \frac{1}{0.50} = \frac{1}{50/100}$$

$$K = \frac{100}{50}$$

$$K = 2.00$$

(iii) ਸੀਮਾਂਤ ਉਪਭੋਗ ਪ੍ਰਵਿਰਤੀ = 0.80 $K = \frac{1}{1 - \text{ਸੀਮਾਂਤ ਉਪਭੋਗ ਪ੍ਰਵਿਰਤੀ}} = \frac{1}{1 - 0.80}$

$K = \frac{1}{0.20} = \frac{1}{20/100}$

$K = \frac{100}{20}$

$K = 5.00$

(iv) ਸੀਮਾਂਤ ਉਪਭੋਗ ਪ੍ਰਵਿਰਤੀ = 0.90 $K = \frac{1}{1 - \text{ਸੀਮਾਂਤ ਉਪਭੋਗ ਪ੍ਰਵਿਰਤੀ}} = \frac{1}{1 - 0.90}$

$K = \frac{1}{0.10} = \frac{1}{10/100}$

$K = \frac{100}{10}$

$K = 10.00$

**2.** ਨਿਵੇਸ਼ ਗੁਣਕ ਦਾ ਮੁੱਲ ਪਤਾ ਕਰੋ, ਜਦੋਂ ਸੀਮਾਂਤ ਬੱਚਤ ਪ੍ਰਵਿਰਤੀ ਦਾ ਮੁੱਲ (i) 0.20 (ii) 0.25 (iii) 0.50 (iv) 0.80 ਹੋਵੇ।

**ਹੱਲ:** (i) ਸੀਮਾਂਤ ਬੱਚਤ ਪ੍ਰਵਿਰਤੀ = 0.20 $K = \frac{1}{\text{ਸੀਮਾਂਤ ਬੱਚਤ ਪ੍ਰਵਿਰਤੀ}} = \frac{1}{0.20}$

$K = \frac{1}{20/100}$

$K = \frac{100}{20}$

$K = 5.00$

(ii) ਸੀਮਾਂਤ ਬੱਚਤ ਪ੍ਰਵਿਰਤੀ = 0.25 $K = \frac{1}{\text{ਸੀਮਾਂਤ ਬੱਚਤ ਪ੍ਰਵਿਰਤੀ}} = \frac{1}{0.25}$

$K = \frac{1}{25/100}$

$K = \frac{100}{25}$

$K = 4.00$

(iii) ਸੀਮਾਂਤ ਬੱਚਤ ਪ੍ਰਵਿਰਤੀ = 0.50 $K = \frac{1}{\text{ਸੀਮਾਂਤ ਬੱਚਤ ਪ੍ਰਵਿਰਤੀ}} = \frac{1}{0.50}$

$K = \frac{1}{50/100}$

$K = \frac{100}{50}$

$K = 2.00$

(iv) ਸੀਮਾਂਤ ਬੱਚਤ ਪ੍ਰਵਿਰਤੀ = 0.50 $K = \frac{1}{\text{ਸੀਮਾਂਤ ਬੱਚਤ ਪ੍ਰਵਿਰਤੀ}} = \frac{1}{0.80}$

$K = \frac{1}{80/100}$

$K = \frac{100}{80}$

$K = 1.25$

**3.** ਜੇਕਰ ਕਿਸੇ ਅਰਥਵਿਵਸਥਾ ਵਿੱਚ 500 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਦਾ ਮੁੱਲ 0.5 ਹੋਵੇ, ਤਾਂ ਉਸ ਅਰਥਵਿਵਸਥਾ ਵਿੱਚ ਆਮਦਨ ਦੇ ਪੱਧਰ ਵਿੱਚ ਕਿੰਨਾਂ ਵਾਧਾ ਹੋਵੇਗਾ?

**ਹੱਲ:** $K = \frac{1}{1 - \text{ਸੀਮਾਂਤ ਉਪਭੋਗ ਪ੍ਰਵਿਰਤੀ}} = \frac{1}{1 - 0.50}$

$K = \frac{1}{0.50} = \frac{1}{50/100}$

$$K = \frac{100}{50} = 2$$

$$K = \frac{\Delta Y}{\Delta I}$$

$$2 = \frac{\Delta Y}{100}$$

$\Delta Y = 2 X 100 = 200$ ਕਰੋੜ ਰੁਪਏ

**4.** ਜੇਕਰ ਕਿਸੇ ਅਰਥਵਿਵਸਥਾ ਵਿੱਚ ਵਾਸਤਵਿਕ ਰਾਸ਼ਟਰੀ ਆਮਦਨ 1000 ਕਰੋੜ ਰੁਪਏ ਹੈ, ਜਦਕਿ ਪੂਰਨ ਰੁਜ਼ਗਾਰ ਦੇ ਲਈ ਲੋੜੀਂਦੀ ਰਾਸ਼ਟਰੀ ਆਮਦਨ 1800 ਕਰੋੜ ਹੈ। ਅਰਥਵਿਵਸਥਾ ਵਿੱਚ ਸੀਮਾਂਤ ਉਪਭੋਗ ਪ੍ਰਵਿਰਤੀ ਦਾ ਮੁੱਲ 0.75 ਹੈ। ਇਸ ਸਥਿਤੀ ਵਿੱਚ ਪੂਰਨ ਰੁਜ਼ਗਾਰ ਦਾ ਪੱਧਰ ਪ੍ਰਾਪਤ ਕਰਨ ਲਈ ਅਰਥਵਿਵਸਥਾ ਵਿੱਚ ਕਿੰਨਾਂ ਨਿਵੇਸ਼ ਕੀਤਾ ਜਾਵੇ?

**ਹੱਲ**: ਅਰਥਵਿਵਸਥਾ ਦੀ ਵਾਸਤਵਿਕ ਆਮਦਨ = 1000 ਕਰੋੜ ਰੁਪਏ

ਪੂਰਨ ਰੁਜ਼ਗਾਰ ਲਈ ਲੋੜੀਂਦੀ ਆਮਦਨ = 1800 ਕਰੋੜ ਰੁਪਏ

ਆਮਦਨ ਵਿੱਚ ਲੋੜੀਂਦਾ ਵਾਧਾ ($\Delta Y$) = 800 ਕਰੋੜ ਰੁਪਏ

$$K = \frac{1}{1-\text{ਸੀਮਾਂਤ ਉਪਭੋਗ ਪ੍ਰਵਿਰਤੀ}} = \frac{1}{1 - 0.75}$$

$$K = \frac{1}{0.25} = \frac{1}{25/100}$$

$$K = \frac{100}{25} = 4$$

$$K = \frac{\Delta Y}{\Delta I}$$

$$4 = \frac{800}{\Delta I}$$

$\Delta I = 800/4 = 200$ ਕਰੋੜ ਰੁਪਏ

**5.** ਜੇਕਰ ਕਿਸੇ ਅਰਥਵਿਵਸਥਾ ਵਿੱਚ ਵਾਸਤਵਿਕ ਰਾਸ਼ਟਰੀ ਆਮਦਨ 5000 ਕਰੋੜ ਰੁਪਏ ਹੈ ਅਤੇ ਅਰਥਵਿਵਸਥਾ ਵਿੱਚ ਸੀਮਾਂਤ ਉਪਭੋਗ ਪ੍ਰਵਿਰਤੀ ਦਾ ਮੁੱਲ 0.80 ਹੈ। ਜੇਕਰ ਅਰਥਵਿਵਸਥਾ ਵਿੱਚ 300 ਕਰੋੜ ਰੁਪਏ ਦੇ ਨਿਵੇਸ਼ ਦਾ ਵਾਧਾ ਕੀਤਾ ਜਾਂਦਾ ਹੈ, ਤਾਂ ਅਰਥਵਿਵਸਥਾ ਦੀ ਕੁੱਲ ਰਾਸ਼ਟਰੀ ਆਮਦਨ ਦਾ ਮੁੱਲ ਕਿੰਨਾਂ ਹੋਵੇਗਾ?

**ਹੱਲ**: ਅਰਥਵਿਵਸਥਾ ਦੀ ਵਾਸਤਵਿਕ ਆਮਦਨ = 5000 ਕਰੋੜ ਰੁਪਏ

ਅਰਥਵਿਵਸਥਾ ਦੀ ਕੁੱਲ ਰਾਸ਼ਟਰੀ ਆਮਦਨ = ਅਰਥਵਿਵਸਥਾ ਦੀ ਵਾਸਤਵਿਕ ਰਾਸ਼ਟਰੀ ਆਮਦਨ + ਆਮਦਨ ਵਿੱਚ ਬਦਲਾਵ

$$K = \frac{1}{1-\text{ਸੀਮਾਂਤ ਉਪਭੋਗ ਪ੍ਰਵਿਰਤੀ}} = \frac{1}{1 - 0.80}$$

$$K = \frac{1}{0.20} = \frac{1}{20/100}$$

$$K = \frac{100}{20} = 5$$

$$K = \frac{\Delta Y}{\Delta I}$$

$$5 = \frac{\Delta Y}{300}$$

$\Delta Y = 300 X 5 = 1500$ ਕਰੋੜ ਰੁਪਏ

ਅਰਥਵਿਵਸਥਾ ਦੀ ਕੁੱਲ ਰਾਸ਼ਟਰੀ ਆਮਦਨ = 5000 ਕਰੋੜ ਰੁਪਏ + 1500 ਕਰੋੜ ਰੁਪਏ = 6500 ਕਰੋੜ ਰੁਪਏ

**6.** ਇਕ ਅਰਥਵਿਵਸਥਾ ਵਿੱਚ ਸੀਮਾਂਤ ਉਪਭੋਗ ਪ੍ਰਵਿਰਤੀ ਦਾ ਮੁੱਲ 0.90 ਹੈ ਅਤੇ ਉਸ ਅਰਥਵਿਵਸਥਾ ਵਿੱਚ ਨਿਵੇਸ਼ ਵਿੱਚ 400 ਕਰੋੜ ਰੁਪਏ ਦਾ ਵਾਧਾ ਕੀਤਾ ਜਾਂਦਾ ਹੈ। ਅਰਥਵਿਵਸਥਾ ਵਿੱਚ ਆਮਦਨ ਅਤੇ ਉਪਭੋਗ ਵਿੱਚ ਹੋਣ ਵਾਲੇ ਵਾਧੇ ਦਾ ਮੁੱਲ ਪਤਾ ਕਰੋ।

**ਹੱਲ**: $$K = \frac{1}{1-\text{ਸੀਮਾਂਤ ਉਪਭੋਗ ਪ੍ਰਵਿਰਤੀ}} = \frac{1}{1 - 0.90}$$

$$K = \frac{1}{0.10} = \frac{1}{10/100}$$

$$K = \frac{100}{10} = 10$$

$$K = \frac{\Delta Y}{\Delta I}$$

$$10 = \frac{\Delta Y}{400}$$

$\Delta Y = 400 \times 10 = 4000$ ਕਰੋੜ ਰੁਪਏ

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ:

ਸੀਮਾਂਤ ਉਪਭੋਗ ਪ੍ਰਵਿਰਤੀ = $\frac{\text{ਉਪਭੋਗ ਵਿੱਚ ਬਦਲਾਵ}}{\text{ਆਮਦਨ ਵਿੱਚ ਬਦਲਾਵ}}$

0.90 = $\frac{\text{ਉਪਭੋਗ ਵਿੱਚ ਬਦਲਾਵ}}{\text{4000 ਕਰੋੜ ਰੁਪਏ}}$

ਉਪਭੋਗ ਵਿੱਚ ਬਦਲਾਵ = 0.90 X 4000 ਕਰੋੜ ਰੁਪਏ

ਉਪਭੋਗ ਵਿੱਚ ਬਦਲਾਵ = 3600 ਕਰੋੜ ਰੁਪਏ

**7.** ਜੇਕਰ ਕਿਸੇ ਅਰਥਵਿਵਸਥਾ ਵਿੱਚ ਨਿਵੇਸ਼ ਵਿੱਚ 1000 ਕਰੋੜ ਰੁਪਏ ਦਾ ਵਾਧਾ ਹੋਣ ਨਾਲ ਆਮਦਨ ਵਿੱਚ 3000 ਕਰੋੜ ਰੁਪਏ ਦਾ ਵਾਧਾ ਹੁੰਦਾ ਹੈ, ਤਾਂ ਨਿਵੇਸ਼ ਗੁਣਕ ਦਾ ਮੁੱਲ ਕਿੰਨਾਂ ਹੋਵੇਗਾ?

**ਹੱਲ**: ਨਿਵੇਸ਼ ਗੁਣਕ = $\frac{\text{ਆਮਦਨ ਵਿੱਚ ਬਦਲਾਵ}}{\text{ਨਿਵੇਸ਼ ਵਿੱਚ ਬਦਲਾਵ}}$ = $\frac{\text{3000 ਕਰੋੜ ਰੁਪਏ}}{\text{1000 ਕਰੋੜ ਰੁਪਏ}}$

ਨਿਵੇਸ਼ ਗੁਣਕ = 3

**8.** ਇਕ ਅਰਥਵਿਵਸਥਾ ਵਿੱਚ ਸੀਮਾਂਤ ਉਪਭੋਗ ਪ੍ਰਵਿਰਤੀ ਦਾ ਮੁੱਲ 0.75 ਹੈ ਅਤੇ ਉਸ ਅਰਥਵਿਵਸਥਾ ਵਿੱਚ ਨਿਵੇਸ਼ ਵਿੱਚ 1200 ਕਰੋੜ ਰੁਪਏ ਦਾ ਵਾਧਾ ਕੀਤਾ ਜਾਂਦਾ ਹੈ। ਅਰਥਵਿਵਸਥਾ ਵਿੱਚ ਆਮਦਨ ਵਿੱਚ ਹੋਣ ਵਾਲੇ ਵਾਧੇ ਦਾ ਮੁੱਲ ਪਤਾ ਕਰੋ।

**ਹੱਲ**: K= $\frac{1}{\text{1- ਸੀਮਾਂਤ ਉਪਭੋਗ ਪ੍ਰਵਿਰਤੀ}}$ = $\frac{1}{1 - 0.75}$

$$K = \frac{1}{0.25} = \frac{1}{25/100}$$

$$K = \frac{100}{25} = 4$$

$$K = \frac{\Delta Y}{\Delta I}$$

$$4 = \frac{\Delta Y}{1200}$$

$\Delta Y = 1200 \times 4 = 4800$ ਕਰੋੜ ਰੁਪਏ

**9.** ਜੇਕਰ ਕਿਸੇ ਅਰਥਵਿਵਸਥਾ ਵਿੱਚ ਵਾਸਤਵਿਕ ਰਾਸ਼ਟਰੀ ਆਮਦਨ 3000 ਕਰੋੜ ਰੁਪਏ ਹੈ, ਜਦਕਿ ਪੂਰਨ ਰੁਜ਼ਗਾਰ ਦੇ ਲਈ ਲੋੜੀਂਦੀ ਰਾਸ਼ਟਰੀ ਆਮਦਨ 7000 ਕਰੋੜ ਹੈ। ਅਰਥਵਿਵਸਥਾ ਵਿੱਚ ਸੀਮਾਂਤ ਉਪਭੋਗ ਪ੍ਰਵਿਰਤੀ ਦਾ ਮੁੱਲ 0.80 ਹੈ। ਇਸ ਸਥਿਤੀ ਵਿੱਚ ਪੂਰਨ ਰੁਜ਼ਗਾਰ ਦਾ ਪੱਧਰ ਪ੍ਰਾਪਤ ਕਰਨ ਲਈ ਅਰਥਵਿਵਸਥਾ ਵਿੱਚ ਕਿੰਨਾਂ ਨਿਵੇਸ਼ ਕੀਤਾ ਜਾਵੇ?

**ਹੱਲ**: ਅਰਥਵਿਵਸਥਾ ਦੀ ਵਾਸਤਵਿਕ ਆਮਦਨ = 3000 ਕਰੋੜ ਰੁਪਏ

ਪੂਰਨ ਰੁਜ਼ਗਾਰ ਲਈ ਲੋੜੀਂਦੀ ਆਮਦਨ = 7000 ਕਰੋੜ ਰੁਪਏ

ਆਮਦਨ ਵਿੱਚ ਲੋੜੀਂਦਾ ਵਾਧਾ ($\Delta Y$) = 4000 ਕਰੋੜ ਰੁਪਏ

K= $\frac{1}{\text{1- ਸੀਮਾਂਤ ਉਪਭੋਗ ਪ੍ਰਵਿਰਤੀ}}$ = $\frac{1}{1 - 0.80}$

$$K = \frac{1}{0.20} = \frac{1}{20/100}$$

$$K = \frac{100}{20} = 5$$

$$K = \frac{\Delta Y}{\Delta I}$$

$$5 = \frac{4000}{\Delta I}$$

$\Delta I = 4000/5 = 800$ ਕਰੋੜ ਰੁਪਏ

**1.ਹੇਠਾਂ ਦਿੱਤੇ ਗਏ ਪੈਰਾ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।**

ਜਦੋਂ ਵੀ ਅਮਿਤ ਬਜ਼ਾਰ ਵਿੱਚ ਕਿਸੇ ਵਸਤੂ ਦੀ ਖਰੀਦ ਕਰਨ ਲਈ ਜਾਂਦਾ ਹੈ, ਤਾਂ ਉਹ ਇਹ ਨਹੀਂ ਵੇਖਦਾ ਹੈ ਕਿ ਉਹ ਵਸਤੂ ਕਿੰਨੇਂ ਰੁਪਏ ਮਹਿੰਗੀ ਹੋਈ ਹੈ, ਬਲਕਿ ਇਹ ਵੇਖਦਾ ਹੈ ਕਿ ਉਹ ਵਸਤੂ ਕਿੰਨੇਂ ਪ੍ਰਤੀਸ਼ਤ ਮਹਿੰਗੀ ਹੋਈ ਹੈ ਅਤੇ ਇਸ ਲਈ ਉਹ ਪਹਿਲਾਂ ਵਾਲੀ ਕੀਮਤ ਨੂੰ ਅਧਾਰ ਦੇ ਰੂਪ ਵਿੱਚ ਵਰਤ ਕੇ ਕੀਮਤ ਵਿੱਚ ਹੋਣ ਵਾਲੇ ਬਦਲਾਅ ਨੂੰ ਉੱਪਰ ਰੱਖਦਾ ਹੈ ਅਤੇ ਕੀਮਤ ਵਿੱਚ ਪ੍ਰਤੀਸ਼ਤ ਬਦਲਾਅ ਦਾ ਪਤਾ ਕਰਨ ਲਈ ਉਸ ਮੁੱਲ ਨੂੰ 100 ਨਾਲ ਗੁਣਾ ਕਰ ਦਿੰਦਾ ਹੈ। ਕਿਉਂਕਿ ਅਰਥਸ਼ਾਸਤਰ ਦਾ ਵਿਦਿਆਰਥੀ ਹੋਣ ਦੇ ਨਾਤੇ ਉਸਨੂੰ ਪਤਾ ਹੈ ਕਿ ਜੇਕਰ ਉਸਨੇ ਸਿਰਫ ਇਹ ਵੇਖਿਆ ਕਿ ਕੋਈ ਵਸਤੂ ਕਿੰਨੇਂ ਰੁਪਏ ਮਹਿੰਗੀ ਹੋਈ ਹੈ, ਤਾਂ ਉਹ ਉਸ ਦੀ ਕੀਤੀ ਜਾਣ ਵਾਲੀ ਮੰਗ ਬਾਰੇ ਗਲਤ ਫੈਸਲਾ ਲੈ ਸਕਦਾ ਹੈ। ਜਿਵੇਂ ਕਿ ਜੇਕਰ ₹10 ਵਾਲੀ ਵਸਤੂ ₹20 ਦੀ ਹੋ ਜਾਂਦੀ ਹੈ, ਤਾਂ ਇਹ ₹10 ਮਹਿੰਗੀ ਹੋਈ ਹੈ ਅਤੇ ਜੇਕਰ ਕੋਈ ₹10000 ਵਾਲੀ ਵਸਤੂ ₹10010 ਦੀ ਹੋਈ ਹੈ, ਤਾਂ ਇਹ ਵੀ ₹10 ਮਹਿੰਗੀ ਹੋਈ ਹੈ। ਪਰ

ਇਹ ਆਮ ਸਮਝ ਹੈ ਕਿ ਜੇਕਰ ₹10 ਵਾਲੀ ਵਸਤੂ ₹20 ਦੀ ਹੋਵੇਗੀ, ਤਾਂ ਉਸ ਦੀ ਮੰਗ ਤੇ ਬਹੁਤ ਪ੍ਰਭਾਵ ਹੋਵੇਗਾ, ਜਦਕਿ ₹10000 ਵਾਲੀ ਵਸਤੂ ਦੇ ₹10010 ਹੋਣ ਤੇ ਉਸ ਦੀ ਮੰਗ ਤੇ ਲਗਭਗ ਕੋਈ ਪ੍ਰਭਾਵ ਨਹੀਂ ਹੋਵੇਗਾ। ਇਸ ਲਈ ਸਿਰਫ ਇਹ ਨਾ ਵੇਖਿਆ ਜਾਵੇ ਕਿ ਵਸਤੂ ਕਿੰਨੀਂ ਮਹਿੰਗੀ ਜਾਂ ਸਸਤੀ ਹੋਈ ਹੈ, ਪਰ ਨਾਲ ਦੇ ਨਾਲ ਉਸ ਦਾ ਅਧਾਰ ਵੀ ਧਿਆਨ ਵਿੱਚ ਰੱਖਿਆ ਜਾਵੇ।

ਪ੍ਰਸ਼ਨ 1: ਵਸਤੂ ਦੀ ਕੀਮਤ ਵਿੱਚ ਸਿਰਫ ਮੁਦਰਾ ਦੇ ਰੂਪ ਵਿੱਚ ਹੋਣ ਵਾਲਾ ਬਦਲਾਅ ਵੇਖਣਾ ਕਿਉਂ ਸਹੀ ਨਹੀਂ ਹੈ?

ਪ੍ਰਸ਼ਨ 2: ਵਸਤੂ ਦੀ ਕੀਮਤ ਵਿੱਚ ਹੋਣ ਵਾਲਾ ਪ੍ਰਤੀਸ਼ਤ ਬਦਲਾਅ ਵੇਖਣਾ ਕਿਉਂ ਜ਼ਰੂਰੀ ਹੈ?

ਪ੍ਰਸ਼ਨ 3: ਜੇਕਰ ਮਹਿੰਗੀਆਂ ਵਸਤੂਆਂ ਦੀ ਕੀਮਤ ਅਤੇ ਸਸਤੀ ਵਸਤੂਆਂ ਦੀ ਕੀਮਤ ਦੋਹਾਂ ਵਿੱਚ ਸਮਾਨ ਮੌਦਰਿਕ ਬਦਲਾਅ ਆਉਂਦਾ ਹੈ, ਤਾਂ ਉਹਨਾਂ ਦੀ ਮੰਗ ਤੇ ਕਿਸ ਤਰ੍ਹਾਂ ਦਾ ਪ੍ਰਭਾਵ ਹੋਵੇਗਾ?

ਪ੍ਰਸ਼ਨ 4: ਵਸਤੂਆਂ ਦੀਆਂ ਕੀਮਤਾਂ ਵਿੱਚ ਬਦਲਾਅ ਦੀ ਤੁਲਨਾ ਕਰਨ ਲਈ ਕਿਸ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ?

ਪ੍ਰਸ਼ਨ 5: ਅਮਿਤ ਦੁਆਰਾ ਕੀਮਤ ਵਿੱਚ ਹੋਣ ਵਾਲੇ ਬਦਲਾਅ ਦਾ ਮਾਪ ਕਰ ਲਈ ਕਿਹੜੇ ਸੂਤਰ ਦੀ ਵਰਤੋਂ ਕੀਤੀ ਜਾਂਦੀ ਹੈ?

ਪ੍ਰਸ਼ਨ 6: ਮੰਗ ਦੀ ਕੀਮਤ ਲੋਚ ਦਾ ਮਾਪ ਪ੍ਰਤੀਸ਼ਤ ਦੇ ਰੂਪ ਵਿੱਚ ਕਿਉਂ ਕੀਤਾ ਜਾਂਦਾ ਹੈ?

**2. ਦਿੱਤੇ ਗਏ ਪੈਰਾ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।**

ਭਾਰਤੀ ਖੇਤੀ ਨੂੰ ਇੱਕ ਅਲਪਵਿਕਸਿਤ ਖੇਤੀ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਵਿੱਚ ਸਥਿਰ ਸਾਧਨ, ਭੂਮੀ, ਤੇ ਪਰਿਵਰਤਨਸ਼ੀਲ ਸਾਧਨ, ਮਜ਼ਦੂਰ, ਦੀਆਂ ਲੋੜ ਤੋਂ ਵੱਧ ਇਕਾਈਆਂ ਨੂੰ ਕੰਮ ਤੇ ਲਗਾਇਆ ਜਾਂਦਾ ਹੈ। ਜਿਸ ਨਾਲ ਪਰਿਵਰਤਨਸ਼ੀਲ ਸਾਧਨ, ਮਜ਼ਦੂਰ, ਦਾ ਸੀਮਾਂਤ ਉਤਪਾਦਨ ਬੜੀ ਤੇਜੀ ਨਾਲ ਘੱਟਦਾ ਹੈ ਅਤੇ ਕੁੱਝ ਸਥਿਤੀਆਂ ਵਿੱਚ ਇਹ ਰਿਣਾਤਮਕ ਵੀ ਹੋ ਜਾਂਦਾ ਹੈ। ਇਸ ਦੇ ਨਤੀਜੇ ਵਜੋਂ, ਕੁੱਲ ਉਤਪਾਦਨ ਅਤੇ ਔਸਤ ਉਤਪਾਦਨ ਵਿੱਚ ਵੀ ਕਮੀ ਆਉਂਦੀ ਹੈ। ਮਜ਼ਦੂਰਾਂ ਦੇ ਲੋੜ ਤੋਂ ਵੱਧ ਮਾਤਰਾ ਵਿੱਚ ਲੱਗੇ ਹੋਣ ਕਰਕੇ ਛੁੱਪੀ ਹੋਈ ਬੇਰੁਜ਼ਗਾਰੀ ਦੀ ਸਮੱਸਿਆ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਵਧੇਰੇ ਭਾਰਤੀ ਕਿਸਾਨ, ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀ ਤੀਜੀ ਅਵਸਥਾ ਵਿੱਚ ਕੰਮ ਕਰ ਰਹੇ ਹਨ, ਜਦਕਿ ਵਿਵੇਕਸ਼ੀਲ ਨਿਰਣੇ ਦੀ ਅਵਸਥਾ ਦੂਜੀ ਅਵਸਥਾ ਹੁੰਦੀ ਹੈ। ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀ ਤੀਜੀ ਅਵਸਥਾ ਵਿੱਚ ਪਰਿਵਰਤਨਸ਼ੀਲ ਸਾਧਨ ਦਾ ਸੀਮਾਂਤ ਉਤਪਾਦਨ ਰਿਣਾਤਮਕ ਹੋਣ ਕਰਕੇ ਕਿਸਾਨਾਂ ਨੂੰ ਉਤਪਾਦਨ ਲਾਗਤ ਵੱਧ ਮਾਤਰਾ ਵਿੱਚ ਪੈਂਦੀ ਹੈ, ਜਿਸ ਕਰਕੇ ਉਹ ਲਾਗਤ ਦੇ ਮਾਮਲੇ ਵਿੱਚ ਦੁਨੀਆ ਦੇ ਹੋਰ ਦੇਸ਼ਾਂ ਦੇ ਮੁਕਾਬਲੇ ਵਿੱਚ ਪਿਛੜ ਜਾਂਦੇ ਹਨ।

ਪ੍ਰਸ਼ਨ 1: ਭਾਰਤੀ ਖੇਤੀ ਦੇ ਪਿਛੜੇਪਨ ਦਾ ਕੀ ਕਾਰਨ ਹੈ?

ਪ੍ਰਸ਼ਨ 2: ਪਰਿਵਰਤਨਸ਼ੀਲ ਅਨੁਪਾਤ ਦਾ ਨਿਯਮ ਕਿਹੜੀ ਸਮਾਂ ਅਵਧੀ ਵਿੱਚ ਲਾਗੂ ਹੁੰਦਾ ਹੈ?

ਪ੍ਰਸ਼ਨ 3: ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀ ਦੂਜੀ ਅਵਸਥਾ ਤੋਂ ਕੀ ਭਾਵ ਹੈ?

ਪ੍ਰਸ਼ਨ 4: ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀ ਤੀਜੀ ਅਵਸਥਾ ਤੋਂ ਕੀ ਭਾਵ ਹੈ?

ਪ੍ਰਸ਼ਨ 5: ਛੁੱਪੀ ਹੋਈ ਬੇਰੁਜ਼ਗਾਰੀ ਤੋਂ ਕੀ ਭਾਵ ਹੈ?

ਪ੍ਰਸ਼ਨ 6: ਭਾਰਤੀ ਕਿਸਾਨਾਂ ਨੂੰ ਉਤਪਾਦਨ ਲਾਗਤ ਵੱਧ ਮਾਤਰਾ ਵਿੱਚ ਕਿਉਂ ਸਹਿਣ ਕਰਨੀ ਪੈਂਦੀ ਹੈ?

**3. ਦਿੱਤੇ ਗਏ ਪੈਰਾ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।**

ਵਿਅਸ਼ਟੀ ਅਤੇ ਸਮਸ਼ਟੀ ਅਰਥਸ਼ਾਸਤਰ ਨੂੰ ਅਰਥਸ਼ਾਸਤਰ ਦੀਆਂ ਦੋ ਵੱਖ-ਵੱਖ ਸ਼ਾਖਾਵਾਂ ਦੇ ਤੌਰ ਤੇ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ ਹੈ, ਬਲਕਿ ਇਹ ਤਾਂ ਇੱਕ ਦੂਜੇ ਤੇ ਅੰਤਰ-ਨਿਰਭਰ ਸ਼ਾਖਾਵਾਂ ਹਨ। ਜਿੱਥੇ ਵਿਅਸ਼ਟੀ ਇਕਾਈਆਂ ਦੇ ਜੋੜ ਨਾਲ ਸਮਸ਼ਟੀ ਆਰਥਿਕ ਚਰਾਂ ਨੂੰ ਪ੍ਰਾਪਤ ਕੀਤਾ ਜਾਂਦਾ ਹੈ, ਉੱਥੇ ਸਮਸ਼ਟੀ ਪੱਧਰ ਤੇ ਬਣਾਏ ਗਏ ਨਿਯਮਾਂ ਦੀ ਵਰਤੋਂ ਵਿਅਸ਼ਟੀ ਪੱਧਰ ਤੇ ਕੀਤੀ ਜਾਂਦੀ ਹੈ। ਜੇਕਰ ਸਮਸ਼ਟੀ ਪੱਧਰ ਤੇ ਕੀਮਤ ਪੱਧਰ ਵਿੱਚ ਬਦਲਾਅ ਹੁੰਦਾ ਹੈ, ਤਾਂ ਇਸ ਦਾ ਵਿਅਕਤੀਗਤ ਇਕਾਈਆਂ ਤੇ ਪ੍ਰਭਾਵ ਪੈਣਾ ਲਾਜ਼ਮੀ ਹੈ। ਪਰ ਇਸ ਦੇ ਬਾਵਜੂਦ ਕੁੱਝ ਗੱਲਾਂ ਅਜਿਹੀਆਂ ਹਨ, ਜੋ ਇਹਨਾਂ ਨੂੰ ਇੱਕ ਦੂਜੇ ਤੋਂ ਵੱਖ ਕਰਦੀਆਂ ਹਨ, ਜਿਹਨਾਂ ਨੂੰ ਵਿਅਸ਼ਟੀ-ਸਮਸ਼ਟੀ ਵਿਰੋਧਾਭਾਸ ਕਿਹਾ ਜਾਂਦਾ ਹੈ। ਜਿੱਥੇ ਵਿਅਸ਼ਟੀ ਪੱਧਰ ਤੇ ਬੱਚਤ ਨੂੰ ਚੰਗਿਆਈ ਮੰਨਿਆ ਜਾਂਦਾ ਹੈ, ਕਿਉਂਕਿ ਇਸ ਨਾਲ ਵਿਅਕਤੀ ਆਪਣੇ ਕੋਲ ਧਨ ਦੀ ਮਾਤਰਾ ਵਿੱਚ ਵਾਧਾ ਕਰ ਸਕਦਾ ਹੈ, ਉੱਥੇ ਸਮਸ਼ਟੀ ਪੱਧਰ ਤੇ ਇਹ ਅਰਥਵਿਵਸਥਾ ਦੇ ਵਿਕਾਸ ਲਈ ਸਹੀ ਨਹੀਂ ਹੈ ਕਿਉਂਕਿ ਇਸ ਨਾਲ ਸਮਸ਼ਟੀ ਪੱਧਰ ਤੇ ਕੁੱਲ ਮੰਗ ਦਾ ਪੱਧਰ ਘੱਟ ਜਾਂਦਾ ਹੈ।

ਪ੍ਰਸ਼ਨ 1: ਵਿਅਸ਼ਟੀ ਅਤੇ ਸਮਸ਼ਟੀ ਅਰਥਸ਼ਾਸਤਰ ਨੂੰ ਕਿਹੋ ਜਿਹੀਆਂ ਸ਼ਾਖਾਵਾਂ ਦੇ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ?

ਪ੍ਰਸ਼ਨ 2: ਕਿਸ ਪੱਧਰ ਤੇ ਬੱਚਤ ਨੂੰ ਚੰਗਿਆਈ ਮੰਨਿਆ ਜਾਂਦਾ ਹੈ ਅਤੇ ਕਿਉਂ?

ਪ੍ਰਸ਼ਨ 3: ਕਿਸ ਪੱਧਰ ਤੇ ਬੱਚਤ ਨੂੰ ਇੱਕ ਬੁਰਾਈ ਮੰਨਿਆ ਜਾਂਦਾ ਹੈ ਅਤੇ ਕਿਉਂ?

ਪ੍ਰਸ਼ਨ 4: ਵਿਅਸ਼ਟੀ ਅਰਥਸ਼ਾਸਤਰ ਦੀ ਸਮਸ਼ਟੀ ਅਰਥਸ਼ਾਸਤਰ ਤੇ ਨਿਰਭਰਤਾ ਦੀ ਵਿਆਖਿਆ ਕਰੋ?

ਪ੍ਰਸ਼ਨ 5: ਸਮਸ਼ਟੀ ਅਰਥਸ਼ਾਸਤਰ ਦੀ ਵਿਅਸ਼ਟੀ ਅਰਥਸ਼ਾਸਤਰ ਤੇ ਨਿਰਭਰਤਾ ਦੀ ਵਿਆਖਿਆ ਕਰੋ?

ਪ੍ਰਸ਼ਨ 6: ਕਿਹਨਾਂ ਕਰਕੇ ਵਿਅਸ਼ਟੀ ਅਤੇ ਸਮਸ਼ਟੀ ਅਰਥਸ਼ਾਸਤਰ ਵਿੱਚ ਭੇਦ ਪੈਦਾ ਹੁੰਦਾ ਹੈ?